# ਗੁਰੂ ਨਾਨਕ ਦੇਵ ਜੀ : ਉਦਾਸੀਆਂ ਤੋਂ ਕਰਤਾਰਪੁਰ

**ਡਾ. ਮਹਿਲ ਸਿੰਘ**

ਵਾਈਸ-ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ।
✆ 98722 66667

ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਗੁਰੂ ਨਾਨਕ ਦੇਵ ਜੀ ਜਿਸ ਸਮੇਂ ਆਪਣੇ ਮਿਸ਼ਨ ਦੀ ਸ਼ਬਦ-ਰੂਪੀ ਬੁਨਿਆਦ ਰੱਖਦੇ ਹਨ, ਉਥੋਂ ਹੀ ਇਹ ਖੋਜ-ਪੱਤਰ ਆਰੰਭ ਕੀਤਾ ਜਾ ਰਿਹਾ ਹੈ। ਕਿਉਂਕਿ, ਖ਼ੋਜ-ਪੱਤਰ ਦੇ ਆਕਾਰ ਦੀ ਇਕ ਸੀਮਾ ਹੈ।

ਗੁਰੂ ਸਾਹਿਬ ਜੀ ਮੋਦੀ ਖ਼ਾਨੇ ਵਿਚ ਬਤੌਰ ਮੋਦੀ 1499 ਵਿਚ ਸੁਲਤਾਨਪੁਰ ਲੋਧੀ ਆ ਜਾਂਦੇ ਹਨ। ਭਾਈ ਮਰਦਾਨਾ ਜੀ ਵੀ ਨਾਲ ਸਨ। ਇਥੇ ਹੀ ਗੁਰੂ ਸਾਹਿਬ ਦੀ ਭੈਣ ਨਾਨਕੀ ਜੀ ਤੇ ਉਨ੍ਹਾਂ ਦਾ ਪਤੀ ਜੈ ਰਾਮ ਜੀ ਰਹਿੰਦੇ ਸਨ। ਗੁਰੂ ਸਾਹਿਬ ਮੋਦੀਖ਼ਾਨੇ ਵਿਚ ਸੱਚੇ ਮੋਦੀ (ਵਿਕਰੇਤਾ) ਸਿੱਧ ਹੋਏ। ਉਨ੍ਹਾਂ ਨੇ ਆਪਣਾ ਕਾਰਜ ਪ੍ਰਮਾਤਮਾ ਨੂੰ ਸਮਰਪਤ ਹੋ ਕੇ 'ਤੇਰਾ-ਤੇਰਾ' ਦੇ ਨਾਮ ਨਾਲ ਨਿਪਟਾਉਣ ਦੀ ਰੀਤ ਸ਼ੁਰੂ ਕੀਤੀ। ਅਜਿਹੀ ਸੱਚੀ ਭਾਵਨਾ ਕਰਕੇ ਹੀ ਮੋਦੀਖ਼ਾਨਾ ਕਈ ਵੱਡੀਆਂ ਬਰਕਤਾਂ ਦੇ ਭੰਡਾਰੇ ਵਜੋਂ ਮਸ਼ਹੂਰ ਹੋ ਗਿਆ।

ਸੁਲਤਾਨਪੁਰ ਲੋਧੀ ਦੇ ਵਸੇਬੇ ਸਮੇਂ ਗੁਰੂ ਸਾਹਿਬ ਦਾ ਨਜ਼ਦੀਕ ਵਗਦੀ ਵੇਈਂ ਨਦੀ ਵਿਚ ਇਸ਼ਨਾਨ ਕਰਨ ਦਾ ਨਿਤਨੇਮ ਸੀ। ਗੁਰੂ ਸਾਹਿਬ ਅਨੇਕਾਂ ਵਾਰ ਇਕਾਂਤ ਵਿਚ ਬੈਠੇ ਆਪਣੇ ਅੰਤਰ-ਧਿਆਨ ਵਿਚ ਲੀਨ ਜਾਂ ਮਗਨ ਹੋ ਜਾਂਦੇ ਸਨ। ਆਪ ਜੀ ਅੰਦਰਲੇ ਦੀ ਸੋਝੀ ਤਹਿਤ ਬਾਹਰਲੇ ਵਰਤਾਰੇ ਨੂੰ ਪੇਸ਼ ਕਰਦੇ ਹਨ। ਇਥੇ ਗੁਰੂ ਸਾਹਿਬ ਨੇ *'ਨਾ ਕੋ ਹਿੰਦੂ ਨਾ ਮੁਸਲਮਾਨ॥* ਦਾ ਪਹਿਲਾ ਸ਼ਬਦੀ ਉਪਦੇਸ਼ ਦਿੱਤਾ। ਇਸ ਨੂੰ 'ਵੇਈਂ ਉਪਦੇਸ਼' ਜਾਂ 'ਵੇਈਂ ਪ੍ਰਵੇਸ਼' ਵਜੋਂ ਜਾਣਿਆ ਜਾਂਦਾ ਹੈ। ਇਥੋਂ ਹੀ 'ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ'॥ (ਅੰਗ ੯੭) ਅਤੇ 'ਮਾਨਸ ਕੀ ਜਾਤ ਸਬੈ ਏਕੈ ਹੀ ਪਹਿਚਾਨਬੋ' (ਪਾਤਸ਼ਾਹੀ ੧੦) ਦਾ ਸਿੱਖ ਫ਼ਲਸਫ਼ਾ ਬਲ ਫੜਦਾ ਹੈ। ਆਪ ਨੇ ਪਰਮਾਤਮਾ ਦੇ ਸਰੂਪ ਬਾਰੇ ਆਪਣਾ 'ਮੂਲ ਮੰਤਰ' ਪੇਸ਼ ਕੀਤਾ:

ੴ
*ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥* (ਜਪੁ, ਅੰਗ ੧)

ਇਸ ਵਿਚੋਂ ਹੀ ਨਵਾਂ ਸਿੱਖ ਸਿੱਧਾਂਤ ਉਭਰਦਾ ਹੈ। ਗੁਰਮਤਿ ਅਨੁਸਾਰ ਹਰ ਮਨੁੱਖ ਨੂੰ ਆਪਣੇ ਕਰਮਾਂ (ਕਾਰਜਾਂ) ਦਾ ਫਲ ਮਿਲਦਾ ਹੈ।

*ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥*
(ਮਾਝ ਮਹਲਾ ਪੰਜਵਾਂ, ਅੰਗ ੧੩੪)

ਕਰਮ ਹੀ ਬੰਦੇ ਦੀ ਅਸਲ ਜਾਤ ਮੰਨੇ ਗਏ ਹਨ। ਗੁਰਮਤਿ ਮੁਤਾਬਕ ਜੀਵਨ 'ਕਰਮਾ ਸੰਦੜਾ ਖੇਤ' ਹੈ। ਇਹ 'ਸੋਈ ਬ੍ਰਾਹਮਣ ਜੋ ਬਿੰਦੇ ਬ੍ਰਹਮ' ਹੈ। ਬ੍ਰਹਮ ਦਾ ਗਿਆਨ ਰੱਖਣ ਵਾਲਾ ਹੀ ਅਸਲ ਬ੍ਰਾਹਮਣ ਹੈ। ਨਿਰੀ ਜਾਤ ਕਰਕੇ ਕੋਈ ਉੱਚਾ (ਬ੍ਰਾਹਮਣ) ਨਹੀਂ ਹੈ। ਆਪ ਜੀ ਦੀ ਬੋਲ-ਬਾਣੀ ਮਿਠਾਸ ਭਰਪੂਰ ਤੇ ਰਾਗ ਵਜੋਂ ਅੱਤ ਦੀ ਸੁਰੀਲੀ ਵੀ। ਇਸ ਦੇ ਨਾਲ ਮਰਦਾਨੇ ਦੀ ਰਬਾਬ ਦਾ ਪ੍ਰਭਾਵੀ ਸਾਜ ਵੀ ਸੀ। ਗੁਰੂ ਸਾਹਿਬ ਨੇ ਲੋਕ-ਪ੍ਰਲੋਕ ਨੂੰ ਸਮਝਣ ਲਈ ਕਹਿਣ-ਸੁਣਨ ਦਾ ਮਹਾਂ-ਮਾਰਗ ਸ਼ੁਰੂ ਕੀਤਾ।

*ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥*
(ਧਨਾਸਰੀ ਮਹਲਾ ਪਹਿਲਾ, ਅੰਗ ੬੬੧)

ਗੁਰੂ ਨਾਨਕ ਅਤੇ ਰਬਾਬੀ ਮਰਦਾਨੇ ਦੀ ਜੋੜੀ ਨੇ ਸਮਾਜ ਨੂੰ ਜੋੜਣ ਤੇ ਜਾਗਰਿਤ ਕਰਨ ਦਾ ਕਾਰਜ ਆਰੰਭ ਕੀਤਾ। ਇਨ੍ਹਾਂ ਦੀ ਨੇੜਤਾ ਨੇ ਜਾਤਾਂ ਤੇ ਵਰਣਾਂ ਨੂੰ ਪਿੱਛੇ ਸੁੱਟ ਦਿੱਤਾ। ਇਹ ਸਾਂਝ ਸਮਾਜਿਕ ਵਲਗਣਾ ਨੂੰ ਕੱਟਦੀ ਹੈ। ਆਪ ਜੀ ਦੀ ਸਮਾਜ ਵਿਚ 'ਬਾਬਾ ਨਾਨਕ ਸ਼ਾਹ ਫ਼ਕੀਰ, ਹਿੰਦੂ ਕਾ ਗੁਰੂ ਮੁਸਲਮ ਕਾ ਪੀਰ' ਵਜੋਂ ਪ੍ਰਸਿੱਧੀ ਹੋਈ। ਆਪ ਜੀ ਫ਼ਕੀਰੀ ਦਾ ਨਵਾਂ ਸਿਧਾਂਤ ਪੇਸ਼ ਕਰਦੇ ਹਨ। ਫ਼ਕੀਰੀ ਮਨ ਦਾ ਮੰਨਨ ਹੈ। ਇਹ ਬਾਹਰੀ ਵਿਕਾਸ ਨਾਲੋਂ ਅੰਦਰਲੇ ਦਾ ਵਿਗਾਸ ਹੈ। ਮਾਤਾ ਤ੍ਰਿਪਤਾ ਦੇ ਪੁੱਤਰ ਗੁਰੂ ਨਾਨਕ ਨੂੰ ਸਮਾਜ ਪ੍ਰਤੀ ਅਤ੍ਰਿਪਤੀ


**www.sanvad.org**
ISSN : 2395-1273

ਮਹਿਸੂਸ ਹੋਣ ਲੱਗਦੀ ਹੈ। ਇਹ ਦੁਨੀਆ ਨੂੰ ਤ੍ਰਿਪਤ ਕਰਨ ਲਈ ਮਰਦਾਨੇ ਸਮੇਤ ਲੰਮੇਂ ਸਫ਼ਰਾਂ ਉੱਤੇ ਘਰੋਂ ਨਿਕਲ ਤੁਰਦੇ ਹਨ। ਭਾਈ ਗੁਰਦਾਸ ਜੀ ਪਹਿਲੀ ਵਾਰ ਵਿਚ ਫ਼ਰਮਾਨ ਕਰਦੇ ਹਨ :

*'ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ'* (ਵਾਰ ੧, ਪਉੜੀ ੩੫)

ਗੁਰੂ ਨਾਨਕ ਅਤੇ ਮਰਦਾਨਾ ਜਾਤ ਅਤੇ ਵਰਣ-ਵੰਡ ਵਿਰੁੱਧ ਸਮਾਜ ਸੁਧਾਰ ਲਈ ਆਪਣੇ ਘਰੋਂ ਹੀ ਏਕਤਾ ਦੀ ਮਿਸਾਲ ਬਣ ਕੇ ਚਲਦੇ ਹਨ। ਇਸ ਸੁਧਾਰ ਦੇ ਸਫ਼ਰੀ ਕਾਰਜ ਨੂੰ ਗੁਰੂ ਸਾਹਿਬ ਦੀਆਂ ਉਦਾਸੀਆਂ (ਯਾਤਰਾਵਾਂ) ਵਜੋਂ ਜਾਣਿਆ ਜਾਂਦਾ ਹੈ। ਭਾਈ ਗੁਰਦਾਸ ਜੀ ਅਨੁਸਾਰ *'ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।। ਚੜ੍ਹਿਆ ਸੋਧਣਿ ਧਰਤਿ ਲੁਕਾਈ'।।* (ਵਾਰ ੧, ਪਉੜੀ ੨੪) ਦੀ ਆਰੰਭਤਾ ਹੁੰਦੀ ਹੈ।

ਗੁਰੂ ਸਾਹਿਬ ਦੀ ਪਹਿਲੀ ਯਾਤਰਾ ਦਾ ਸਮਾਂ 1507 ਤੋਂ 1515 ਹੈ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਤਲਵੰਡੀ ਤੋਂ ਚੂਹੜਕਾਣੇ ਹੁੰਦੇ ਹੋਏ ਸੈਦਪੁਰ ਪਹੁੰਚਦੇ ਹਨ। ਅੱਜ-ਕੱਲ੍ਹ ਸੈਦਪੁਰ ਦਾ ਨਾਮ ਐਮਨਾਬਾਦ ਹੈ। ਇਥੇ 'ਲਾਲੋ' ਨਾਮ ਦਾ ਇਕ ਕਿਰਤੀ ਮਨੁੱਖ ਰਹਿੰਦਾ ਸੀ। ਇਹ ਤਰਖਾਣਾ ਕਿੱਤੇ ਨਾਲ ਸਬੰਧਿਤ ਸੀ। ਗੁਰੂ ਸਾਹਿਬ ਇਸ ਦੇ ਘਰ ਠਹਿਰਦੇ ਹਨ। ਗੁਰੂ ਸਾਹਿਬ ਅਜਿਹੇ ਕਿਰਤੀਆਂ ਦੀ ਸ਼ੋਭਾ ਵਧਾਉਣ ਲਈ ਹੀ ਘਰੋਂ ਨਿਕਲਦੇ ਹਨ। ਗੁਰੂ ਸਾਹਿਬ ਨੇ ਅਮੀਰ ਜਾਂ ਵੱਡੇ ਲੋਕਾਂ ਦੀ ਧੌਂਸ ਨੂੰ ਨਕਾਰ ਦਿੱਤਾ। ਪ੍ਰਭੂ ਰੂਪੀ ਅਕਾਲ-ਪੁਰਖ ਨੂੰ ਸਭਨਾ ਦਾ 'ਦਾਤਾ' ਅਤੇ 'ਦਾਤਾਂ ਦੇਣ' ਵਾਲੇ ਵਜੋਂ ਪੇਸ਼ ਕੀਤਾ।

*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨਾ ਜਾਈ।।* (ਜਪੁ ਮਹਲਾ ਪਹਿਲਾ, ਅੰਗ ੨)

ਸੈਦਪੁਰ ਵਿਚ ਜ਼ਾਲਮ ਖ਼ਾਂ ਉਰਫ ਮਲਕ ਭਾਗੋ ਨਾਂ ਦੇ ਪਠਾਨ ਦੀ ਹਾਕਮੀ ਸੀ। ਇਨ੍ਹਾਂ ਦਿਨਾਂ ਵਿਚ ਸਰਾਧ ਚੱਲ ਰਹੇ ਸਨ। ਮਲਕ ਭਾਗੋ ਨੇ ਵੀ ਆਪਣੇ ਪਿਉ ਦੇ ਸਰਾਧ ਲਈ ਬ੍ਰਹਮ-ਭੋਜ ਦਿੱਤਾ। ਗੁਰੂ ਸਾਹਿਬ ਨੂੰ ਵੀ ਬੁਲਾਇਆ ਗਿਆ। ਪ੍ਰੰਤੂ ਉਨ੍ਹਾਂ ਨੇ ਅਜਿਹੇ ਸਰਾਧ ਵਿਚ ਸ਼ਾਮਿਲ ਹੋਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਅਜੇਹੇ ਇਨਕਾਰ ਦੇ ਸਿੱਟੇ ਵਜੋਂ ਵਿਚਾਰਾਂ ਦਾ ਤਕਰਾਰ ਵੀ ਸਾਹਮਣੇ ਆਉਂਦਾ ਹੈ। ਗੁਰੂ ਸਾਹਿਬ ਨੇ ਮਲਕ ਭਾਗੋ ਨੂੰ ਲੁੱਟ ਤੇ ਕਿਰਤ ਦੀ ਰੋਟੀ ਦੇ ਫ਼ਰਕ ਦੀ ਵਿਆਖਿਆ ਦਿੱਤੀ। ਹੋਰਨਾਂ ਤੋਂ ਰਸਦ ਜਾਂ ਧੰਨ ਇਕੱਠਾ ਕਰਕੇ ਖਵਾਈ ਰੋਟੀ ਨੂੰ ਗੁਰੂ ਸਾਹਿਬ ਨੇ ਸਰਾਧ ਦੀ ਥਾਂ ਸਰਾਪ ਵਜੋਂ ਪੇਸ਼ ਕੀਤਾ। ਇਸ ਨੂੰ ਪੁੰਨ ਦੀ ਥਾਂ 'ਲਹੂ ਪੀਣਾ' ਸਿੱਧ ਕੀਤਾ ਪਰ ਆਪਣੀ ਕਿਰਤ ਕਮਾਈ ਵਿਚੋਂ ਤਿਆਰ ਕੀਤੇ ਭੋਜਨ ਨੂੰ 'ਦੁੱਧ' ਵਾਂਗ ਪਾਕਿ-ਪਵਿੱਤਰ ਹੋਣ ਦਾ ਵਿਸ਼ਵਾਸ ਦ੍ਰਿੜ ਕੀਤਾ। 'ਦੁੱਧ' ਨੇਕੀ, ਚਟਿਆਈ, ਸਾਫ਼ਗੋਈ ਅਤੇ ਪਵਿੱਤਰਤਾ ਦਾ ਪ੍ਰਤੀਕ ਹੈ। ਲੋਕਾਂ ਵਿਚ ਅਜਿਹੇ ਤੁਲਨਾਤਮਿਕ ਵਿਖਿਆਨ ਦਾ ਬਹੁਤ ਸਾਰਥਕ ਪ੍ਰਭਾਵ ਪਿਆ। ਆਪ ਜੀ ਨੇ ਹੋਰਨਾਂ ਦੀ ਕਮਾਈ ਉੱਤੇ ਪਲਣ ਵਾਲੇ ਅਮੀਰਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ। ਗੁਰੂ ਸਾਹਿਬ ਨੇ ਕਿਰਤ-ਕਮਾਈ ਨੂੰ ਬੰਦੇ ਦੀ ਅਸਲ ਪਛਾਣ ਵਜੋਂ ਪੇਸ਼ ਕੀਤਾ। ਉਨ੍ਹਾਂ ਨੇ 'ਕਿਰਤ' ਦੇ 'ਕਿਰਤੀ' ਨੂੰ ਸਭ ਤੋਂ ਵੱਡੀ ਵਡਿਆਈ ਦਿੱਤੀ। ਭਾਈ ਲਾਲੋ ਤੇ ਮਰਦਾਨੇ ਵਰਗਿਆਂ ਦੇ ਸੰਗ-ਸਾਥ ਨੂੰ ਹੀ ਗੁਰੂ ਸਾਹਿਬ ਨੇ ਪਹਿਲ ਦਿੱਤੀ।

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।*

(ਸਿਰੀਰਾਗ ਮਹਲਾ ਪਹਿਲਾ, ਅੰਗ ੧੫)

ਸੈਦਪੁਰ ਤੋਂ ਬਾਅਦ ਗੁਰੂ ਸਾਹਿਬ ਤੇ ਮਰਦਾਨਾ ਮਾਰਚ 1508 ਨੂੰ ਹਰਿਦੁਆਰ ਵੱਲ ਚੱਲ ਪੈਂਦੇ ਹਨ। ਹਰਿਦੁਆਰ ਹਿੰਦੂਆਂ ਦਾ ਬਹੁਤ ਵੱਡਾ ਧਾਰਮਿਕ ਅਸਥਾਨ ਹੈ। ਇਥੇ ਹਿੰਦੂ ਯਾਤਰੀ ਸੂਰਜ ਦੇਵਤੇ ਰਾਹੀਂ ਆਪਣੇ ਪਿਤਰਾਂ ਨੂੰ ਪਾਣੀ ਦੇ ਰਹੇ ਸਨ। ਗੁਰੂ ਸਾਹਿਬ ਨੇ ਜਵਾਬ ਵਜੋਂ ਆਪਣੇ ਖੇਤਾਂ ਨੂੰ ਪਾਣੀ ਦੇਣ ਦੀ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ। ਲੋਕਾਂ ਸਵਾਲ ਕੀਤਾ ਕਿ ਇਥੋਂ ਸਾਢੇ ਤਿੰਨ ਸੌ ਮੀਲ ਦੂਰ ਕਰਤਾਰਪੁਰ ਤੱਕ ਪਾਣੀ ਕਿਵੇਂ ਜਾ ਸਕਦਾ ਹੈ? ਅੱਗੋਂ ਗੁਰੂ ਸਾਹਿਬ ਨੇ ਸਵਾਲ ਕੀਤਾ ਕਿ, "ਜੇ ਤੁਹਾਡਾ ਪਾਣੀ ਲੱਖਾਂ ਮੀਲ ਦੂਰ ਸੂਰਜ ਪਾਸ ਜਾ ਸਕਦਾ ਹੈ, ਤਾਂ ਮੇਰਾ ਪਾਣੀ ਕਰਤਾਰਪੁਰ ਕਿਉਂ ਨਹੀਂ ਜਾ ਸਕਦਾ?" ਗੁਰੂ ਸਾਹਿਬ ਨੇ ਬੇ-ਦਲੀਲ ਲੋਕਾਂ ਦੇ ਵਿਸ਼ਵਾਸ ਨੂੰ ਬਦਲਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਗੁਰੂ ਸਾਹਿਬ ਨੇ ਧਰਮ-ਅਸਥਾਨਾਂ ਵਿਚ ਵਾਧੂ ਦੇ ਕਰਮ-ਕਾਂਡ ਨੂੰ ਨਕਾਰ ਦਿੱਤਾ। ਗੁਰੂ ਸਾਹਿਬ ਸਮਾਜਕ ਜੀਵਨ ਦੇ ਸਿੱਧੇ ਤੇ ਸਰਲ ਰਸਤੇ ਸਬੰਧੀ ਹਰ ਥਾਂ ਬਾ-ਦਲੀਲ ਉਚੇਚੇ ਵਿਖਿਆਨ 'ਤੇ ਜ਼ੋਰ ਦੇਂਦੇ ਹਨ। ਅਕਸਰ ਹੀ ਵੱਡੇ ਗੁਣੀ ਵਿਦਵਾਨ ਔਖੀਆਂ ਤੇ ਬੁਝਾਰਤੀ ਗੱਲਾਂ ਨੂੰ ਤਰਲ ਤੇ ਸਰਲ ਸਲੀਕੇ ਨਾਲ ਪੇਸ਼ ਕਰਦੇ ਹਨ।

ਗੁਰੂ ਸਾਹਿਬ ਫਿਰ ਅਲਮੋੜਾ ਦੇ ਅਸਥਾਨ ਤੋਂ ਹੁੰਦੇ ਹੋਏ ਗੋਰਖਮਤੇ ਪਹੁੰਚਦੇ ਹਨ। ਇਹ ਅਸਥਾਨ ਜੋਗੀਆਂ ਦੇ ਗੁਰੂ ਗੋਰਖ ਨਾਥ ਦੇ ਕੇਂਦਰ ਵਜੋਂ ਜਾਣਿਆ ਜਾਂਦਾ ਹੈ। ਗੋਰਖ-ਪੰਥੀ ਕਈ ਤਰ੍ਹਾਂ ਦੀਆਂ ਰਿੱਧੀਆਂ-ਸਿੱਧੀਆਂ ਦੀ

ਹਉਮੈਂ ਦੇ ਧਾਰਨੀ ਸਨ। ਗੁਰੂ ਸਾਹਿਬ ਨੇ ਇਕ ਪ੍ਰਮਾਤਮਾ ਦੀ ਰਜ਼ਾ ਜਾਂ ਹੁਕਮ ਨੂੰ ਹੀ ਮੰਨਣ ਦਾ ਉਪਦੇਸ਼ ਦਿੱਤਾ।

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨਾ ਕੋਇ॥*
*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨਾ ਕੋਇ॥*

(ਜਪੁ ਮਹਲਾ ਪਹਿਲਾ, ਅੰਗ ੧)

ਇਥੇ ਗੁਰੂ ਸਾਹਿਬ ਦਾ ਝੰਗਰ ਨਾਥ ਤੇ ਭੰਗਰ ਨਾਥ ਜੋਗੀ ਨਾਲ ਭਰਪੂਰ ਵਿਚਾਰ-ਵਟਾਂਦਰਾ ਹੁੰਦਾ ਹੈ। ਗੁਰੂ ਸਾਹਿਬ ਨੇ ਜੋਗੀਆਂ ਦੇ ਤਿਆਗੀ ਅਤੇ ਰਿੱਧੀਆਂ-ਸਿੱਧੀਆਂ ਵਾਲੇ ਜੀਵਨ ਨੂੰ ਅਰਥਹੀਣ ਸਿੱਧ ਕੀਤਾ। *"ਹੋਇ ਅਤੀਤੁ ਗ੍ਰਿਹਸਤ ਤਜਿ ਫਿਰਿ ਉਨਕੇ ਘਰਿ ਮੰਗਣਿ ਜਾਈ॥"* ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਜੋਗ ਮੱਤ ਦੇ ਅੰਦਰਲੇ ਪੋਲ ਤੇ ਆਪਾ-ਵਿਰੋਧ ਨੂੰ ਪੇਸ਼ ਕੀਤਾ। ਸਰੀਰ ਨੂੰ ਕਸ਼ਟ ਦੇਣ ਦੀ ਥਾਂ ਕਿਰਤ-ਕਮਾਈ ਵਾਲੇ ਸਮਾਜਿਕ ਵਿਹਾਰ ਨੂੰ ਠੀਕ ਰਸਤੇ ਵਜੋਂ ਪੇਸ਼ ਕੀਤਾ। ਮੱਥੇ ਜਾਂ ਪਿੰਡੇ ਉੱਤੇ ਸੁਆਹ ਜਾਂ ਬਿਭੂਤੀਆਂ ਮਲਣ ਦੀ ਥਾਂ ਰੋਜ਼ਾਨਾ ਇਸ਼ਨਾਨ ਕਰਨ ਦਾ ਉਪਦੇਸ਼ ਦਿੱਤਾ। ਇਸ ਨਾਲ ਮਨ ਤੇ ਸਰੀਰ ਵਿਚ ਵਧੇਰੇ ਇਕਾਗਰਤਾ ਤੇ ਤਾਜ਼ਗੀ ਆਉਣ ਦਾ ਵਿਸ਼ਵਾਸ ਦਿੱਤਾ। ਗੁਰੂ ਸਾਹਿਬ ਦੇ ਅਜਿਹੇ ਪ੍ਰਚਾਰ ਦਾ ਗੋਰਖਮਤੇ ਵਿਚ ਬਣੇ ਜੋਗ ਮਠਾਂ ਉੱਤੇ ਬਹੁਤ ਅਸਰ ਹੋਇਆ। ਇਸੇ ਕਰਕੇ 'ਗੋਰਖਮਤਾ' ਬਾਅਦ ਵਿਚ 'ਨਾਨਕ ਮਤੇ' ਵਜੋਂ ਪ੍ਰਸਿੱਧ ਹੁੰਦਾ ਹੈ।

ਗੋਰਖਮਤੇ ਤੋਂ 180 ਮੀਲ ਫ਼ਾਸਲੇ ਉੱਤੇ ਅਯੁੱਧਿਆ ਦਾ ਅਸਥਾਨ ਹੈ। ਇਥੇ ਗੁਰੂ ਸਾਹਿਬ ਮਰਦਾਨੇ ਸਮੇਤ 1508 ਦੇ ਅਕਤੂਬਰ ਮਹੀਨੇ ਵਿਚ ਪਹੁੰਚੇ ਸਨ। ਅਯੁੱਧਿਆ ਬੈਰਾਗੀ ਸਾਧੂਆਂ ਦਾ ਵੱਡਾ ਕੇਂਦਰ ਸੀ। ਇਥੇ ਗੁਰੂ ਸਾਹਿਬ ਨੇ ਪੱਥਰਾਂ ਦੀਆਂ ਮੂਰਤੀਆਂ ਤੇ ਪੌਦਿਆਂ ਦੀ ਪੂਜਾ ਕਰਨ ਦੀ ਥਾਂ ਅਕਾਲ-ਮੂਰਤ ਪਰਮਾਤਮਾ ਨਾਲ ਜੁੜਨ ਦੀ ਪ੍ਰੇਰਣਾ ਸ਼ੁਰੂ ਕੀਤੀ। ਇਕੋ-ਇਕ ਪਰਮਾਤਮਾ ਨੂੰ ਸਭ ਦੇ ਰੱਖਣਹਾਰ ਤੇ ਪਾਲਣਹਾਰ ਵਜੋਂ ਪੇਸ਼ ਕੀਤਾ। ਗੁਰੂ ਸਾਹਿਬ ਨੇ ਸੰਸਾਰ ਦੇ ਬਹੁਰੰਗੀ ਪਾਸਾਰੇ ਨੂੰ ਇਕੋ-ਇਕ ਅਕਾਲ-ਪੁਰਖ ਦੀ ਲੀਲਾ ਦੇ ਨਜ਼ਾਰੇ ਵਜੋਂ ਪੇਸ਼ ਕੀਤਾ।

*ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥*
*ਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ ਕਾ ਸਫਲ ਭਇਆ॥*

(ਰਾਗ ਆਸਾ ਮਹਲਾ ੧ ਪਟੀ ਲਿਖੀ)

ਆਮ ਕਰਕੇ ਦੂਜੇ ਮੱਤਾਂ ਦੇ ਵੱਡੇ ਅਸਥਾਨਾਂ ਅੰਦਰ ਕਿਸੇ ਬਾਹਰਲੇ ਵੱਲੋਂ ਦਾਖ਼ਲ ਹੋਣ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਗੁਰੂ ਸਾਹਿਬ ਨੇ ਅਜਿਹਾ ਕਾਰਜ ਬੜੇ ਹਿੰਮਤੀ ਤੇ ਸੰਜਮੀ ਵਤੀਰੇ ਨਾਲ ਮੁਕੰਮਲ ਕੀਤਾ। ਉਨ੍ਹਾਂ ਸਿੱਧੇ ਵਿਰੋਧ ਦੀ ਥਾਂ ਕੁਝ ਸੁਣਨ ਤੇ ਕੁਝ ਕਹਿਣ ਦਾ ਰਾਹ ਅਪਣਾਇਆ। ਇਸ ਨਾਲ ਸਹਿਜੇ-ਸਹਿਜੇ ਦੂਜੇ ਮੱਤਾਂ ਵਾਲੇ ਗੁਰੂ ਜੀ ਦੇ ਪ੍ਰਭਾਵ ਅਧੀਨ 'ਗੁਰੂ ਦੇ ਸਿੱਖ' ਬਣਦੇ ਗਏ।

ਗੁਰੂ ਸਾਹਿਬ ਅਯੁੱਧਿਆ ਤੋਂ ਕੁਝ ਹੋਰ ਹਿੰਦੂ ਅਸਥਾਨਾਂ ਰਾਹੀਂ ਹੁੰਦੇ ਹੋਏ ਫਰਵਰੀ 1509 ਨੂੰ ਬਨਾਰਸ ਪਹੁੰਚੇ। ਇਹ ਅਸਥਾਨ ਕਾਸ਼ੀ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਅਸਥਾਨ ਸਦੀਆਂ ਤੋਂ ਸੰਸਕ੍ਰਿਤ ਦੀ ਸਿੱਖਿਆ ਦਾ ਕੇਂਦਰ ਰਿਹਾ ਹੈ। ਇਥੇ ਸ਼ਿਵਰਾਤਰੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਬਨਾਰਸ ਵਿਚ ਮਰਨ ਵਾਲੇ ਨੂੰ ਮੁਕਤੀ ਮਿੱਲ ਜਾਣ ਦਾ ਵਿਸ਼ਵਾਸ ਪਾਇਆ ਜਾਂਦਾ ਸੀ। ਗੁਰੂ ਸਾਹਿਬ ਨੇ 'ਅੰਜਨ ਮਾਹਿ ਨਿਰੰਜਨਿ ਰਹੀਐ' ਉੱਤੇ ਜ਼ੋਰ ਦਿੱਤਾ। ਭਾਵ ਦੁਨੀਆ ਵਿਚ ਰਹਿੰਦੇ ਹੋਏ ਦੁਨੀਆਦਾਰੀ ਦੇ ਲਾਲਚਾਂ ਤੋਂ ਨਿਰਲਿਪਤ ਰਹੀਏ। ਗੁਰੂ ਸਾਹਿਬ ਹਰ ਅਸਥਾਨ ਮੁਤਾਬਕ ਆਪਣਾ ਪਹਿਰਾਵਾ ਤੇ ਭਾਸ਼ਾ ਧਾਰਨ ਕਰ ਲੈਂਦੇ ਸਨ। ਇਸ ਨਾਲ ਉਹ ਸਥਾਨਕ ਲੋਕਾਂ ਨਾਲ ਜ਼ਿਆਦਾ ਰਚ-ਮਿਚ ਜਾਂਦੇ ਸਨ। ਗੁਰੂ ਸਾਹਿਬ ਨੇ ਸਿਰਫ਼ ਪ੍ਰਮਾਤਮਾ ਦੇ ਨਾਮ ਨੂੰ ਹੀ ਸਭ ਰੋਗਾਂ ਜਾਂ ਪਾਪਾਂ ਦੇ ਦਾਰੂ ਵਜੋਂ ਪੇਸ਼ ਕੀਤਾ ਹੈ।

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥*

(ਧਨਾਸਰੀ ਮਹਲਾ ੧, ਅੰਗ ੬੮੭)

ਭਗਤ ਕਬੀਰ ਜੀ ਵੀ ਬਨਾਰਸ ਵਿਚ ਹੀ ਸਨ। ਕਬੀਰ ਜੀ ਅਨੁਸਾਰ ਸਭ ਇਨਸਾਨ ਇਕੋ-ਤਰ੍ਹਾਂ ਮਾਂ ਦੇ ਪੇਟ ਵਿਚੋਂ ਜਨਮ ਲੈਂਦੇ ਹਨ। ਕਬੀਰ ਜੀ ਆਪ ਇਕ ਗਰੀਬ ਹਿੰਦੂ ਜੁਲਾਹੇ ਦੇ ਘਰ ਪੈਦਾ ਹੋਏ ਸਨ। ਪਰ ਉਹ ਆਪਣੀ ਵਿਦਵਤਾ ਦੇ ਵਿਖਿਆਨ ਤਹਿਤ ਭਗਤ ਵਜੋਂ ਮਸ਼ਹੂਰ ਹੋਏ ਅਤੇ ਜਾਤ-ਪਾਤ ਸਬੰਧੀ ਵੱਡੀ ਵੰਗਾਰ ਪੈਦਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਭਗਤ ਕਬੀਰ ਜੀ ਦੀ ਬਾਣੀ ਦਾ ਉਤਾਰਾ ਵੀ ਕਰ ਲਿਆ। ਇਹ ਵੀ ਜ਼ਿਕਰਯੋਗ ਹੈ ਕਿ ਗੁਰੂ ਸਾਹਿਬ ਪਾਸ ਆਪਣੇ ਕੋਲ ਲਿਖਣ ਲਈ ਇਕ ਰੋਜ਼ਨਾਮਚਾ ਰੂਪੀ ਕਿਤਾਬਚਾ ਵੀ ਸੀ ਅਤੇ ਨਾਲ ਇਕ ਬਸਤਾ (ਝੋਲਾ) ਵੀ ਸੀ। ਇਹ ਬਸਤਾ ਸਫ਼ਰ ਦੌਰਾਨ ਲੋੜੀਂਦੇ ਬਸਤਰਾਂ (ਕਪੜਿਆਂ), ਲਿਖਤਾਂ ਅਤੇ ਲਿਖਣ ਸਮੱਗਰੀ ਦੀ ਸਾਂਭ-ਸੰਭਾਲ ਲਈ ਸੀ। ਉਹ ਸਮੇਂ-ਸਮੇਂ ਉਪਜੇ ਆਪਣੇ ਇਲਾਹੀ ਕਾਵਿ-ਭਾਵਾਂ ਨੂੰ ਲਿਖਤ ਰੂਪ ਵਿਚ ਉਤਾਰ ਲੈਂਦੇ ਸਨ। ਅਜਿਹੇ ਵਿਚਾਰ ਬਾਅਦ ਵਿਚ 'ਧੁਰ ਕੀ ਬਾਣੀ' ਵਜੋਂ ਮਾਨਤਾ ਪ੍ਰਾਪਤ ਕਰਦੇ ਹਨ।

ਭਗਤ ਰਵੀਦਾਸ ਜੀ ਵੀ ਬਨਾਰਸ ਦੇ ਰਹਿਣ ਵਾਲੇ ਸਨ। ਆਪ ਕਿੱਤੇ ਵਜੋਂ ਚਮਾਰ ਸਨ। ਰਵੀਦਾਸ ਜੀ ਵੀ ਕਬੀਰ ਜੀ ਦੇ ਸਮਕਾਲੀ ਸਨ। ਅਜਿਹੇ ਭਗਤਾਂ ਦੀਆਂ ਕੋਸ਼ਿਸ਼ਾਂ ਅਤੇ ਰਚਨਾਵਾਂ ਸਦਕਾ ਹੀ ਤੇਰਵੀਂ ਸਦੀ ਵਿਚ ਭਗਤੀ ਲਹਿਰ ਨੂੰ ਬਲ ਮਿਲਿਆ। ਇਹ ਲਹਿਰ ਗੁਰੂ ਸਾਹਿਬ ਲਈ ਵੱਡੀ ਪ੍ਰੇਰਕ ਸ਼ਕਤੀ ਵਜੋਂ ਮਦਦਗਾਰ ਸਾਬਿਤ ਹੋਈ। ਭਗਤਾਂ ਦੀ ਬਾਣੀ ਦਾ ਵੀ ਗੁਰੂ ਸਾਹਿਬ ਨੇ ਉਤਾਰਾ ਕਰਕੇ ਆਪਣੇ ਪਾਸ ਰੱਖ ਲਿਆ। ਭਗਤ ਰਾਮਾ ਨੰਦ ਜੀ ਨੇ ਵੀ ਬਨਾਰਸ ਵਿਚ ਜਾਤ-ਪਾਤ ਵਿਰੁੱਧ ਵੱਡਾ ਪ੍ਰਚਾਰ ਕੀਤਾ। ਇਹ ਜਾਤ ਵਜੋਂ ਬ੍ਰਾਹਮਣ ਸਨ, ਪਰ ਬ੍ਰਾਹਮਣਾਂ ਦੀ ਸਮਾਜਕ ਵੰਡ ਨਾਲ ਸਹਿਮਤ ਨਹੀਂ ਸਨ। ਰਾਮਾ ਨੰਦ ਜੀ ਦਾ ਵੀ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ। ਇਹ ਸ਼ਬਦ ਗੁਰੂ ਨਾਨਕ ਦੇਵ ਜੀ ਨੇ ਬਨਾਰਸ ਤੋਂ ਹੀ ਪ੍ਰਾਪਤ ਕੀਤਾ ਸੀ। ਰਾਮਾ ਨੰਦ ਜੀ ਹੀ ਭਗਤ ਕਬੀਰ, ਰਵੀਦਾਸ ਅਤੇ ਸੈਣ ਜੀ ਦੇ ਗੁਰੂ ਸਨ। ਸੈਣ ਜੀ ਨੇ ਵੀ ਮੂਰਤੀ ਪੂਜਾ ਵਿਰੁੱਧ ਪ੍ਰਚਾਰ ਕੀਤਾ ਸੀ। ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਆਪਣੀ ਬਾਣੀ ਦੀ ਸੇਧ ਵਿਚ ਹੋਰਨਾਂ ਭਗਤਾਂ ਦੀ ਬਾਣੀ ਸੰਭਾਲ ਲਈ ਸੀ। ਅਜਿਹੀ ਸਾਰੀ ਬਾਣੀ ਇਕ ਅਮੁੱਲ ਖਜ਼ਾਨੇ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਰੱਖਿਅਤ ਹੈ। ਬਨਾਰਸ (ਕਾਸ਼ੀ) ਅਸਲ ਵਿਚ ਭਗਤਾਂ ਦਾ ਵੱਡਾ ਗੜ੍ਹ ਸੀ। ਇਥੋਂ ਹੀ ਭਗਤ ਪੀਪਾ ਜੀ ਦੀ ਰਚਨਾ ਗੁਰੂ ਸਾਹਿਬ ਨੇ ਹਾਸਿਲ ਕੀਤੀ। ਇੰਨ੍ਹਾਂ ਦਾ ਵੀ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਭਗਤ ਪੀਪਾ ਜੀ ਵੀ ਪੱਥਰ ਦੀਆਂ ਮੂਰਤੀਆਂ ਨੂੰ ਪੂਜਣ ਦੇ ਸਖ਼ਤ ਖਿਲਾਫ਼ ਸਨ।

ਗੁਰੂ ਸਾਹਿਬ ਬਨਾਰਸ ਤੋਂ ਸਵਾ-ਕੁ ਸੌ ਮੀਲ ਦੂਰ ਗਯਾ (ਬਿਹਾਰ) ਵੀ ਗਏ। ਇਹ ਸਮਾਂ ਮਾਰਚ 1509 ਦਾ ਹੈ। ਗਯਾ ਵਿਚ ਵਿਸਾਖੀ ਦੇ ਮੌਕੇ ਵੱਡਾ ਮੇਲਾ ਲੱਗਦਾ ਹੈ। ਇਥੇ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਨੇ ਆਪਣਾ ਕੀਰਤਨ ਆਰੰਭ ਕੀਤਾ। ਗੁਰੂ ਸਾਹਿਬ ਦੀ ਆਵਾਜ਼ ਅਤੇ ਮਰਦਾਨੇ ਦੀ ਰਬਾਬ ਲੋਕਾਂ ਨੂੰ ਆਪਣੇ ਵੱਲ ਕੀਲ ਲੈਂਦੀ ਸੀ। ਉਪਰੋਕਤ ਤੋਂ ਬਾਅਦ ਗੁਰੂ ਸਾਹਿਬ ਆਸਾਮ ਦੇ ਜ਼ਿਲ੍ਹਾ ਕਾਮਰੂਪ ਪਹੁੰਚਦੇ ਹਨ। ਇਹ 'ਕਾਮਾਖਯਾ' ਨਾਂ ਦੀ ਦੇਵੀ ਦਾ ਸਥਾਨ ਹੈ। ਗੁਰੂ ਸਾਹਿਬ ਇਥੋਂ ਹੁੰਦੇ ਹੋਏ ਅਪ੍ਰੈਲ ਮਹੀਨੇ (1509) ਗੁਹਾਟੀ ਗਏ ਸਨ। ਅਜਿਹੇ ਸਾਰੇ ਹਿੰਦੂਆਂ ਅਤੇ ਜੋਗੀਆਂ ਦੇ ਅਸਥਾਨਾਂ ਉਪਰ ਖਿੱਚੜੀ ਭਾਸ਼ਾ (ਰਲੀ ਮਿਲੀ) ਚੱਲਦੀ ਸੀ। ਇਸ ਨੂੰ 'ਸਾਧ ਭਾਖਾ' ਵੀ ਕਿਹਾ ਜਾਂਦਾ ਸੀ। ਇਹ ਵੱਖ-ਵੱਖ ਰਾਜਾਂ ਵਾਲੇ ਲੋਕਾਂ ਦੀ ਸਮਝ ਵਿਚ ਆ ਜਾਂਦੀ ਸੀ। ਗੁਰੂ ਸਾਹਿਬ ਵੀ ਅਜਿਹੀ ਭਾਸ਼ਾ ਵਾਲਿਆਂ ਨਾਲ ਰਚ-ਮਿਚ ਜਾਂਦੇ ਸਨ।

ਗੁਰੂ ਨਾਨਕ ਦੇਵ ਜੀ ਬਿਹਾਰ, ਬੰਗਾਲ ਅਤੇ ਆਸਾਮ ਤੋਂ ਹੁੰਦੇ ਹੋਏ ਉੜੀਸਾ ਦੇ ਨਗਰ ਜਗਨਨਾਥ ਪੁਰੀ ਪਹੁੰਚੇ ਸਨ। 'ਜਗਨਨਾਥ' ਕ੍ਰਿਸ਼ਨ ਜੀ ਦੀ ਮੂਰਤੀ ਦਾ ਹੀ ਨਾਮ ਹੈ। ਇਸ ਮੂਰਤੀ ਦੀ ਸਾਲਾਨਾ ਰੱਥ ਯਾਤਰਾ ਕੱਢੀ ਜਾਂਦੀ ਹੈ। ਇਸ ਸਬੰਧੀ ਵੱਡਾ ਮੇਲਾ ਵੀ ਲੱਗਦਾ ਹੈ। ਇਸ ਅਸਥਾਨ ਉੱਤੇ ਕਈ ਤਰ੍ਹਾਂ ਦੀਆਂ ਕੀਮਤੀ ਵਸਤਾਂ ਨਾਲ ਪੂਜਾ ਰੂਪੀ ਆਰਤੀ ਉਤਾਰੀ ਜਾਂਦੀ ਸੀ। ਅਜਿਹੀ ਆਰਤੀ ਦੇ ਵਕਤ ਗੁਰੂ ਸਾਹਿਬ ਨੇ ਸਮੁੱਚੀ ਕੁਦਰਤ ਦੀ ਹੋ ਰਹੀ ਆਰਤੀ ਦਾ ਉਚਾਰਨ ਕੀਤਾ। ਗੁਰੂ ਸਾਹਿਬ ਨੇ ਕੁਦਰਤ ਦੇ ਵੱਖ-ਵੱਖ ਰੂਪਾਂ ਤੇ ਰੰਗਾਂ ਦੀ ਆਪਣੇ ਕਾਦਰ (ਸਿਰਜਣਹਾਰ) ਪ੍ਰਤੀ ਹੋ ਰਹੀ ਆਰਤੀ ਦਾ ਨਵਾਂ ਰੂਪ ਪੇਸ਼ ਕੀਤਾ। ਇਸ ਤਰ੍ਹਾਂ ਗੁਰੂ ਸਾਹਿਬ ਦੀ ਕਲਾਸਕੀ ਦਰਜੇ ਵਾਲੀ ਮਹਾਨ ਰਚਨਾ 'ਆਰਤੀ' ਪੇਸ਼ ਹੋਈ। ਫਿਰ ਗੁਰੂ ਸਾਹਿਬ ਨੇ ਕਈ ਹੋਰਨਾਂ ਸਥਾਨਾਂ ਰਾਹੀਂ ਮਹਾਂਰਾਸ਼ਟਰ, ਗੁਜਰਾਤ ਤੇ ਦਵਾਰਕਾ ਵੱਲ ਸਫ਼ਰ ਕੀਤਾ। ਗੁਰੂ ਸਾਹਿਬ ਨੇ 1508 ਤੋਂ 1515 ਤੱਕ ਮਰਦਾਨੇ ਸਮੇਤ ਅਨੇਕਾਂ ਧਰਮ-ਅਸਥਾਨਾਂ ਵਿਖੇ ਵੱਖ-ਵੱਖ ਸੰਤਾਂ ਤੇ ਭਗਤਾਂ ਨਾਲ ਸਨੇਹ ਭਰਪੂਰ ਸੰਵਾਦ ਰਚਾਇਆ। ਫਿਰ ਗੁਰੂ ਸਾਹਿਬ ਮਥਰਾ ਤੋਂ ਦਿੱਲੀ ਰਾਹੀਂ ਸਤੰਬਰ 1515 ਨੂੰ ਕੁਰੂਕਸ਼ੇਤਰ ਪਹੁੰਚਦੇ ਹਨ। ਇਸ ਸਥਾਨ ਸਬੰਧੀ 'ਮਹਾਂਭਾਰਤ' ਵਿਚ ਕੌਰਵਾਂ-ਪਾਂਡਵਾਂ ਦੇ ਯੁੱਧ ਦਾ ਜ਼ਿਕਰ ਹੈ। ਇਥੋਂ ਗੁਰੂ ਸਾਹਿਬ ਹਿੰਦੂਆਂ ਦੇ ਅਹਿਮ ਸਥਾਨ ਪਹੋਏ (ਪਹੇਵੇ) ਵੀ ਗਏ। ਪਹੋਆ ਹਿੰਦੂ ਰਹੁ-ਰੀਤਾਂ ਦਾ ਗੜ੍ਹ ਹੈ। ਗੁਰੂ ਸਾਹਿਬ ਨੇ ਇਥੇ ਵੀ ਲੋਕਾਂ ਨੂੰ ਵਹਿਮਾਂ-ਭਰਮਾਂ ਦੀ ਥਾਂ ਪਰਮਾਤਮਾ ਦੇ ਸਿਮਰਨ ਅਤੇ ਲੋੜਵੰਦਾਂ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ। ਫਿਰ ਆਪ ਸਰਸਾ ਤੋਂ ਹੁੰਦੇ ਹੋਏ ਨਵੰਬਰ 1515 ਨੂੰ ਸੁਲਤਾਨਪੁਰ ਵਾਪਸ ਆ ਗਏ। ਇਹ ਸਾਰਾ ਸਫ਼ਰ ਅਗਸਤ 1507 ਤੋਂ ਨਵੰਬਰ 1515 ਤੱਕ ਤਕਰੀਬਨ ਸਵਾ-ਅੱਠ ਸਾਲ ਬਣਦਾ ਹੈ। ਇਹ ਗੁਰੂ ਸਾਹਿਬ ਦੀ ਸਭ ਤੋਂ ਵੱਡੀ ਯਾਤਰਾ ਹੈ। ਇਸ ਦੌਰਾਨ ਗੁਰੂ ਸਾਹਿਬ ਦੇ ਗਿਆਨ ਰੂਪੀ ਸੂਰਜ ਨਾਲ ਵਹਿਮਾਂ-ਭਰਮਾਂ ਅਤੇ ਧਰਮਾਂ ਸਬੰਧੀ ਵਾਧੂ ਦੇ ਲੱਗ-ਲਬੇੜ ਦੀ ਧੁੰਦ ਦੂਰ ਹੁੰਦੀ ਹੈ। ਇਸ ਸਬੰਧੀ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ :

*ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥*
*ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥*

(ਭਾਈ ਗੁਰਦਾਸ ਜੀ, ਵਾਰ ਪਹਿਲੀ, ਪਉੜੀ ੨੭)

ਪਹਿਲੀ ਉਦਾਸੀ ਤੋਂ ਬਾਅਦ ਸਭ ਤੋਂ ਪਹਿਲਾਂ ਗੁਰੂ ਸਾਹਿਬ ਸੁਲਤਾਨਪੁਰ ਅਤੇ ਤਲਵੰਡੀ ਤੋਂ ਹੁੰਦੇ ਹੋਏ ਆਪਣੀ ਪਤਨੀ ਤੇ ਬੱਚਿਆਂ ਕੋਲ ਨਾਨਕੇ ਪਿੰਡ ਪੱਖੋਕੇ ਰੰਧਾਵੇ (ਨਜ਼ਦੀਕ ਬਟਾਲਾ) ਪਹੁੰਚਦੇ ਹਨ। ਇਥੇ ਗੁਰੂ ਸਾਹਿਬ ਨੇ ਪਿੰਡ ਦੇ ਬਾਹਰ ਖੂਹ ਦੇ ਨਜ਼ਦੀਕ ਆਪਣੇ ਵਿਖਿਆਨ ਦੀ ਪਿਰਤ ਆਰੰਭ ਕੀਤੀ। ਪਿੰਡ ਦਾ ਚੌਧਰੀ ਅਜਿੱਤਾ ਰੰਧਾਵਾ ਵੀ ਗੁਰੂ ਸਾਹਿਬ ਦਾ ਵਿਸ਼ੇਸ਼ ਮੁਰੀਦ ਬਣ ਗਿਆ। ਇਥੇ ਰਾਵੀ ਦੇ ਆਸ-ਪਾਸ ਪਿੰਡਾਂ ਵਿਚ ਹਿੰਦੂ ਅਤੇ ਮੁਸਲਮਾਨ ਜੱਟਾਂ ਦੀ ਸਾਂਝੀ ਆਬਾਦੀ ਸੀ। ਇਹ ਇਲਾਕਾ ਚਨਾਬ ਅਤੇ ਰਾਵੀ ਦੇ ਲਾਗੇ ਮਾਝੇ ਦਾ ਉੱਤਮ ਪ੍ਰਚਾਰ ਕੇਂਦਰ ਬਣ ਸਕਦਾ ਸੀ। ਇਸ ਕਰਕੇ ਗੁਰੂ ਸਾਹਿਬ ਨੇ ਇਥੇ ਹੀ ਆਪਣੇ ਸਤਿਸੰਗ ਦਾ ਅਸਥਾਨ ਬਨਾਉਣ ਦਾ ਨਿਰਣਾ ਕਰ ਲਿਆ। ਉਂਞ ਕਿਸੇ ਵੀ ਮਿਸ਼ਨ ਲਈ ਨਵਾਂ ਨਿਸ਼ਚਤ ਅਸਥਾਨ ਜਾਂ ਕੇਂਦਰ ਹੋਣਾ ਲਾਜ਼ਮੀ ਹੈ। ਇਥੇ ਗੁਰੂ ਸਾਹਿਬ ਨੇ ਧਾਰਮਿਕ ਅਸਥਾਨ ਬਨਾਉਣ ਸਬੰਧੀ ਆਪਣੇ ਨਜ਼ਦੀਕੀਆਂ ਨਾਲ ਵਿਚਾਰ ਸਾਂਝਾ ਕੀਤਾ। ਚੌਧਰੀ ਅਜਿੱਤੇ ਰੰਧਾਵੇ ਅਤੇ ਪਿੰਡ ਦੇ ਹੋਰ ਵਸਨੀਕਾਂ ਨੇ ਵੀ ਖੁਸ਼ੀ-ਖੁਸ਼ੀ ਅਜਿਹਾ ਸਥਾਨ ਬਨਾਉਣ ਲਈ ਆਪਣੀ ਜ਼ਮੀਨ ਦੇਣ ਸਬੰਧੀ ਰਜ਼ਾਮੰਦੀ ਪ੍ਰਗਟ ਕੀਤੀ। ਇਸ ਕਰਤਾਰਪੁਰ ਨਾਮ ਦੇ ਪਿੰਡ ਦੀ ਨੀਂਹ ਗੁਰੂ ਸਾਹਿਬ ਨੇ ਤਕਰੀਬਨ 09 ਜਨਵਰੀ 1516 ਨੂੰ ਰੱਖੀ। ਕਰਤਾਰਪੁਰ ਨਾਮ ਆਪਣੇ-ਆਪ ਵਿਚ ਹੀ ਬਹੁਤ ਧਾਰਮਿਕ ਖਿਆਲ ਵਾਲਾ ਹੈ। ਇਹ ਕਰਤਾ ਅਰਥਾਤ ਕਰਤਾ-ਪੁਰਖ ਭਾਵ ਕੁਦਰਤ ਦੇ ਕਾਦਰ ਦੇ ਸਥਾਨ ਵਜੋਂ ਹੈ। ਇਥੇ ਕੋਠੇ ਰੂਪੀ ਧਰਮਸ਼ਾਲਾ ਬਣਾਈ ਗਈ। ਗੁਰੂ ਸਾਹਿਬ ਨੇ ਆਪਣੇ ਮਾਤਾ-ਪਿਤਾ ਨੂੰ ਵੀ ਇਥੇ ਵਸਾਉਣ ਦਾ ਪ੍ਰਬੰਧ ਕਰ ਲਿਆ। ਭਾਈ ਮਰਦਾਨਾ ਵੀ ਆਪਣੇ ਪਰਿਵਾਰ ਸਮੇਤ ਕਰਤਾਰਪੁਰ ਵੱਸ ਗਿਆ। ਇਥੇ ਗੁਰੂ ਸਾਹਿਬ ਨੇ ਆਪਣੇ ਸਾਥੀ ਮਰਦਾਨੇ ਨਾਲ ਰੋਜ਼ਾਨਾ ਕੀਰਤਨ ਦਰਬਾਰ ਲਗਾਉਣਾ ਸ਼ੁਰੂ ਕਰ ਦਿੱਤਾ। ਲੋਕਾਂ ਦੇ ਸਹਿਯੋਗ ਨਾਲ ਸੰਗਤ ਅਤੇ ਪੰਗਤ ਭਾਵ ਗੁਰਸ਼ਬਦ ਤੇ ਪ੍ਰਸ਼ਾਦੇ ਦੇ ਲੰਗਰ ਚੱਲਣ ਲੱਗੇ। ਇਸ ਤਰ੍ਹਾਂ ਸਿੱਖ ਧਰਮ ਦੀ ਸਮਾਜਿਕ ਮਰਯਾਦਾ ਆਰੰਭ ਹੋਈ। ਸਿੱਖ ਦਰਸ਼ਨ ਸੰਗਤ ਵਿਚ ਹੀ ਪ੍ਰਮਾਤਮਾ ਦੇ ਵਸੇਬੇ ਦਾ ਮੁੱਦਈ ਹੈ।

*ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ॥* (ਮਾਰੂ ਮਹਲਾ ੧, ਅੰਗ ੧੦੨੬)

ਇਥੇ ਗੁਰੂ ਸਾਹਿਬ ਨੇ ਮਰਦਾਨੇ ਦੀ ਮਦਦ ਨਾਲ ਖੇਤੀ ਵੀ ਸ਼ੁਰੂ ਕੀਤੀ। ਇਹ ਪਿੰਡ 'ਕਰਤਾ' ਦੇ ਨਾਲ-ਨਾਲ 'ਕਿਰਤ' ਦਾ ਵੀ 'ਪੁਰ' ਬਣ ਗਿਆ। ਇਸ ਖੇਤੀ ਤੋਂ ਹੁੰਦੀ ਆਮਦਨ ਸੰਗਤਾਂ ਦੇ ਲੰਗਰ ਲਈ ਵਰਤੀ ਜਾਣ ਲੱਗੀ। ਹੱਥੀਂ ਖੇਤੀ, ਲੰਗਰ ਤੇ ਕੀਰਤਨ ਦਾ ਵਿਹਾਰਕ ਵਰਤਾਰਾ ਗੁਰਮਤਿ ਦੀ ਸਮੁੱਚੀ ਪ੍ਰਯੋਗਸ਼ਾਲਾ ਦੇ ਵਿਹਾਰਕ ਰੂਪ ਵਜੋਂ ਹੈ। ਗੁਰੂ ਸਾਹਿਬ ਨੇ ਅਜੇਹੇ ਸੱਚੇ-ਸੁੱਚੇ ਕਿਰਤੀ ਆਚਾਰ-ਵਿਹਾਰ ਨੂੰ ਹੀ ਸਭ ਤੋਂ ਉੱਤਮ ਮੰਨਿਆ ਹੈ।

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥* (ਸਿਰੀਰਾਗ ਮਹਲਾ ਪਹਿਲਾ, ਅੰਗ ੬੨)

ਸਮਾਜ ਵਿਚ ਨਵੀਂ ਸਰਲ ਕਿਸਮ ਦੇ ਧਰਮ ਤੇ ਕਿਰਤੀ ਜੀਵਨ-ਜਾਚ ਦਾ ਅਮਲ ਸ਼ੁਰੂ ਹੋ ਗਿਆ। ਸਵੇਰੇ-ਸ਼ਾਮ ਪਰਮਾਤਮਾ ਦੇ ਗੁਣ-ਗਾਣ ਦਾ ਪ੍ਰਵਾਹ ਚੱਲਣ ਲੱਗਾ। ਜੀਵਨ ਦੇ ਆਰਥਿਕ ਨਿਰਬਾਹ ਲਈ ਦਿਨੇ ਖੇਤੀ ਦੀ ਕਿਰਤ ਕੀਤੀ ਜਾਣ ਲੱਗੀ। ਇਸ ਤਰ੍ਹਾਂ ਭਗਤੀ ਤੇ ਘਾਲ-ਕਮਾਈ ਦਾ ਨਵਾਂ ਬੇਜੋੜ ਸਿੱਖੀ-ਸਰੂਪ ਸਾਹਮਣੇ ਆਉਂਦਾ ਹੈ। ਹਿੰਦੂਆਂ ਤੇ ਮੁਸਲਮਾਨਾਂ ਦੀਆਂ ਧਾਰਮਿਕ ਰਵਾਇਤਾਂ ਤੋਂ ਹਟ ਕੇ ਨਵੇਂ ਸੇਵਾ ਰੂਪੀ ਸਮਾਜਿਕ ਧਰਮ ਦੀ ਬੁਨਿਆਦ ਜਵਾਨ ਹੋਣ ਲੱਗਦੀ ਹੈ। ਸੇਵਾ ਦੇ ਮਹਾਤਮ ਸਬੰਧੀ ਆਪ ਜੀ ਦਾ ਫ਼ੁਰਮਾਨ ਹੈ:

*ਵਿਚਿ ਦੁਨੀਆ ਸੇਵ ਕਮਾਈਐ ਤਾਂ ਦਰਗਹ ਬੈਸਣੁ ਪਾਈਐ।।*

(ਸਿਰੀਰਾਗ ਮਹਲਾ ਪਹਿਲਾ, ਅੰਗ ੨੫)

ਕੁਝ ਮਹੀਨੇ ਬਾਅਦ ਗੁਰੂ ਸਾਹਿਬ ਨੇ ਮਰਦਾਨੇ ਸਮੇਤ ਫਿਰ 22 ਸਤੰਬਰ 1517 ਨੂੰ ਹੋਰ ਦਿਸ਼ਾ ਦੇ ਧਾਰਮਿਕ ਸਥਾਨਾਂ ਵੱਲ ਜਾਣ ਦਾ ਮਨ ਬਣਾ ਲਿਆ। ਇਸ ਸਫ਼ਰ ਨੂੰ ਦੂਸਰੀ ਉਦਾਸੀ ਵਜੋਂ ਜਾਣਿਆ ਜਾਂਦਾ ਹੈ। ਇਸ ਯਾਤਰਾ ਦਾ ਸਮਾਂ 1518 ਦੌਰਾਨ ਤਕਰੀਬਨ ਇਕ ਸਾਲ ਦਾ ਹੈ। ਗੁਰੂ ਨਾਨਕ ਦੇਵ ਜੀ (ਮਰਦਾਨੇ ਸਮੇਤ) ਵੈਸ਼ਨੋ ਦੇਵੀ ਦੇ ਮੰਦਰ ਵੱਲ ਗਏ। ਇਹ ਇਲਾਕਾ ਤਕਰੀਬਨ ਸਿਆਲਕੋਟ ਤੋਂ ਜੰਮੂ-ਕਸ਼ਮੀਰ ਤੇ ਉਤਰਾਖੰਡ ਦੇ ਆਸ-ਪਾਸ ਦਾ ਹੈ। ਗੁਰੂ ਸਾਹਿਬ ਨੇ ਵੈਸ਼ਨੋ ਦੇਵੀ, ਅਮਰਨਾਥ ਮੰਦਰ ਅਤੇ ਸੁਮੇਰ ਪਰਬਤ ਉੱਤੇ ਵੱਸਦੇ ਸਿੱਧਾਂ (ਜੋਗੀਆਂ) ਨਾਲ ਆਪਣਾ ਸੰਵਾਦ ਰਚਾਇਆ। ਇਥੇ ਬ੍ਰਹਮ ਦਾਸ ਤੇ ਚਤਰ ਦਾਸ ਵਰਗੇ ਪੰਡਿਤ ਵੀ ਗੁਰੂ ਸਾਹਿਬ ਦੇ ਮੁਰੀਦ ਬਣ ਗਏ। ਇਸ ਪਹਾੜੀ ਇਲਾਕੇ ਵਿਚ ਗੁਰੂ ਸਾਹਿਬ ਨੇ ਬੁੱਤ ਪੂਜਾ, ਮੂਰਤੀ ਪੂਜਾ ਅਤੇ ਹੋਰ ਰਿੱਧੀਆਂ-ਸਿੱਧੀਆਂ ਵਿਚ ਫਸੇ ਲੋਕਾਂ ਨੂੰ ਪਰਮੇਸ਼ਵਰ ਭਗਤੀ ਦਾ ਨਵਾਂ ਰਾਹ ਵਿਖਾਇਆ। ਗੁਰਮਤਿ ਮੁਤਾਬਕ ਅੰਦਰਲੀ ਮਾਨਸਿਕ ਸੋਝੀ ਬੰਦੇ ਦਾ ਅਸਲ ਮਸਲਾ ਹੈ।

*ਮਨ ਮੈਲੇ ਸੂਚਾ ਕਿਉ ਹੋਇ॥ ਸਾਚਿ ਮਿਲੈ ਪਾਵੇ ਪਤਿ ਸੋਇ॥*

(ਧਨਾਸਰੀ ਮਹਲਾ ੧, ਅੰਗ ੬੮੬)


**www.sanvad.org**
ISSN : 2395-1273

ਇਸ ਦੂਜੀ ਫੇਰੀ ਉਪਰੰਤ ਗੁਰੂ ਸਾਹਿਬ ਫਿਰ ਵਾਪਸ ਕਰਤਾਰਪੁਰ ਆ ਗਏ।

ਗੁਰੂ ਸਾਹਿਬ ਪੰਜ-ਛੇ ਮਹੀਨੇ ਕਰਤਾਰਪੁਰ ਰੁਕਣ ਤੋਂ ਬਾਅਦ ਫਿਰ 1518 ਦੇ ਦਸੰਬਰ ਮਹੀਨੇ ਵਿਚ ਤੀਸਰੀ ਵਾਰ ਆਪਣੇ ਅਗਲੇ ਸਫ਼ਰ ਲਈ ਚੱਲ ਪਏ। ਇਹ ਸਮਾਂ 1521 ਤੱਕ ਤਕਰੀਬਨ ਤਿੰਨ ਸਾਲ ਦਾ ਹੈ। ਇਸ ਨੂੰ ਪੱਛਮ ਵੱਲ ਦੀ ਯਾਤਰਾ ਵੀ ਕਿਹਾ ਜਾਂਦਾ ਹੈ। ਪਹਿਲਾਂ ਦੋਨਾਂ ਯਾਤਰਾਵਾਂ ਦੌਰਾਨ ਗੁਰੂ ਸਾਹਿਬ ਹਿੰਦੂਆਂ ਅਤੇ ਜੋਗੀਆਂ (ਸਿੱਧਾਂ) ਦੇ ਅਹਿਮ ਸਥਾਨਾਂ ਉੱਤੇ ਗਏ। ਫਿਰ ਗੁਰੂ ਸਾਹਿਬ ਨੇ ਇਸਲਾਮ ਅਰਥਾਤ ਮੁਸਲਮਾਨਾਂ ਨਾਲ ਜੁੜੇ ਧਰਮ ਸਥਾਨਾਂ ਵੱਲ ਜਾਣ ਦਾ ਸਫ਼ਰ ਆਰੰਭ ਕੀਤਾ। ਇਹ ਵੀ ਜ਼ਿਕਰਯੋਗ ਹੈ ਕਿ ਗੁਰੂ ਸਾਹਿਬ ਦੀ ਹਰ ਯਾਤਰਾ ਨਵੀਂ-ਦਿਸ਼ਾ ਵੱਲ ਸੀ। ਗੁਰੂ ਸਾਹਿਬ ਜੀ ਨੇ ਆਪਣੇ ਸਮੇਂ ਦੇ ਪ੍ਰਚੱਲਿਤ ਸਥਾਪਿਤ ਧਾਰਮਿਕ ਅਸਥਾਨਾਂ ਵਲੋਂ ਇਕ ਤਰਤੀਬ ਦੀ ਨਿਰੰਤਰਤਾ ਵਿਚ ਸਫ਼ਰ ਕੀਤੇ।

ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਕਸੂਰ ਤੋਂ ਹੁੰਦੇ ਹੋਏ ਪਹਿਲਾਂ ਪਾਕਪਟਨ ਗਏ। ਇਹ ਸੂਫ਼ੀ ਫ਼ਕੀਰ ਬਾਬਾ ਫਰੀਦ ਜੀ ਦਾ ਅਸਥਾਨ ਹੈ। ਫਰੀਦ ਜੀ ਦੀ ਗੱਦੀ ਦੇ ਗਿਆਰਵੇਂ ਵਾਰਿਸ ਸ਼ੇਖ ਬ੍ਰਹਮ ਨਾਲ ਗੁਰੂ ਸਾਹਿਬ ਨੇ ਮੁਲਾਕਾਤ ਕੀਤੀ। ਇਨ੍ਹਾਂ ਪਾਸੋਂ ਹੀ ਗੁਰੂ ਸਾਹਿਬ ਨੇ ਫ਼ਰੀਦ ਜੀ ਦੀ ਬਾਣੀ ਪ੍ਰਾਪਤ ਕੀਤੀ। ਇਥੋਂ ਗੁਰੂ ਸਾਹਿਬ ਹੱਜ ਕਰਨ ਵਾਲੇ ਹਾਜੀ ਲੋਕਾਂ ਨਾਲ ਕਾਅਬੇ ਵੱਲ ਗਏ। ਅਰਬ ਦੇਸ਼ ਵਿਖੇ ਮੱਕੇ ਵਿਚ ਕਾਅਬਾ ਮੁਸਲਮਾਨਾਂ ਦਾ ਵੱਡਾ ਧਰਮ ਅਸਥਾਨ ਹੈ। ਇਥੇ ਹੱਜ ਸਬੰਧੀ ਨਿਸ਼ਚਿਤ ਵਿਧੀ-ਵਿਧਾਨ ਹੈ। ਇਸ ਰੀਤੀ ਅਨੁਸਾਰ ਹੱਜ ਕਰਨ ਵਾਲੇ ਨੂੰ ਹੀ 'ਹਾਜੀ' ਕਿਹਾ ਜਾਂਦਾ ਹੈ। ਮੁਸਲਮਾਨਾਂ ਵਿਚ ਮੱਕੇ ਵਿਖੇ ਕਾਅਬੇ (ਕਾਬੇ) ਵੱਲ ਮੂੰਹ ਕਰਕੇ ਨਮਾਜ਼ ਪੜ੍ਹਨ ਦਾ ਰਿਵਾਜ਼ ਹੈ। ਅਜਿਹਾ ਨਾ ਕਰਨ ਵਾਲੇ ਨੂੰ ਇਸਲਾਮ ਵਿਚ "ਕਾਫ਼ਰ" ਕਹਿੰਦੇ ਹਨ। ਕਾਫ਼ਰ ਲੋਕਾਂ ਨੂੰ ਅਕਸਰ ਹੀ ਮੁਸਲਮਾਨ ਸਜ਼ਾ ਵੀ ਦੇਂਦੇ ਹਨ। ਗੁਰੂ ਨਾਨਕ ਦੇਵ ਜੀ ਵੀ ਮਰਦਾਨੇ ਸਮੇਤ ਅਜਿਹੇ ਸਥਾਨ ਉੱਤੇ ਪਹੁੰਚਦੇ ਹਨ। ਆਪ ਜੀ ਕਾਅਬੇ ਵੱਲ ਪੈਰ ਕਰਕੇ ਲੇਟ ਗਏ। ਹਾਜ਼ੀਆਂ ਨੇ ਗੁਰੂ ਸਾਹਿਬ ਵੱਲੋਂ ਅਜਿਹਾ ਕਰਨ ਉੱਤੇ ਵੱਡਾ ਇਤਰਾਜ਼ ਜਤਾਇਆ। ਗੁਰੂ ਸਾਹਿਬ ਨੇ ਠਰੰਮੇ ਤੇ ਹੌਂਸਲੇ ਤਹਿਤ ਇਹ ਕਿਹਾ, 'ਮੇਰੇ ਪੈਰ ਉਸ ਪਾਸੇ ਕਰ ਦਿਓ ਜਿਧਰ ਖੁਦਾ ਨਹੀਂ ਹੈ' ਕਿਉਂਕਿ, ਇਸਲਾਮ ਅਨੁਸਾਰ ਸ੍ਰਿਸ਼ਟੀ ਦੇ ਕਣ-ਕਣ ਵਿਚ ਅੱਲ੍ਹਾ ਦੇ ਵੱਸੇ ਹੋਣ ਦਾ ਵਿਸ਼ਵਾਸ ਹੈ। ਇਸ ਤਰ੍ਹਾਂ ਹਾਜੀ ਨਿਰ-ਉੱਤਰ ਹੋ ਗਏ ਸਨ। ਇਸ ਨੂੰ ਸਿੱਖ ਜਗਤ ਵਿਚ 'ਬਾਬੇ ਨੇ ਮੱਕਾ ਫੇਰਿਆ' ਵਜੋਂ ਮਾਨਤਾ ਹੈ। ਫਿਰ ਗੁਰੂ ਸਾਹਿਬ ਮਰਦਾਨੇ ਸਮੇਤ ਮਦੀਨਾ ਵੱਲ ਚੱਲ ਪਏ। ਇਥੋਂ ਗੁਰੂ ਸਾਹਿਬ ਬਸਰੇ ਦੇ ਰਸਤੇ ਬਗਦਾਦ ਵੱਲ ਗਏ। ਇਹ ਇਰਾਕ ਵਿਚ ਸਥਿਤ ਹੈ। ਇਥੇ ਹੀ ਕਰਬਲਾ ਦਾ ਸਥਾਨ ਹੈ। ਇਹ ਮੁਸਲਮਾਨਾਂ ਦੇ ਚੌਥੇ ਖਲੀਫ਼ੇ ਹਜ਼ਰਤ ਅਲੀ ਦੇ ਪੁੱਤਰ ਇਮਾਮ ਹੁਸੈਨ ਦਾ ਸ਼ਹੀਦੀ ਸਥਾਨ ਹੈ। ਬਗਦਾਦ ਵਿਚ ਮੁਸਲਮਾਨ ਰਾਗ (ਸੁਰ-ਤਾਲ) ਨੂੰ ਹਰਾਮ ਸਮਝਦੇ ਹਨ। ਪਰ ਗੁਰੂ ਸਾਹਿਬ ਹਰ ਥਾਂ ਆਪਣਾ ਪ੍ਰਵਚਨ ਕੀਰਤਨ ਰੂਪ ਵਿਚ ਮਰਦਾਨੇ ਦੀ ਰਬਾਬ ਦੇ ਸੁਰ-ਤਾਲ ਉੱਤੇ ਉਚਾਰਦੇ ਸਨ। ਗੁਰੂ ਸਾਹਿਬ ਦੀ ਸੁਰੀਲੀ ਆਵਾਜ਼ ਦੀ ਆਪਣੀ ਮਿਠਾਸ ਸੀ। ਨਾਲ ਮਰਦਾਨੇ ਦੀ ਰਬਾਬ ਸੀ। ਸ਼ਬਦ, ਸੁਰ ਤੇ ਸਾਜ਼ ਦਾ ਬੇਜੋੜ ਸੁਨੇਹਾ ਹਰੇਕ ਨੂੰ ਮੰਤਰ-ਮੁਗਧ ਕਰ ਰਿਹਾ ਸੀ। ਗੁਰੂ ਸਾਹਿਬ ਦੇ ਸੁਰ-ਤਾਲ ਵਿਚ ਪਰੋਏ ਸ਼ਬਦੀ ਬੋਲ ਹੀ ਕਰਾਮਾਤ ਵਾਂਗ ਪ੍ਰਭਾਵ ਪਾਉਂਦੇ ਸਨ। ਉਹ ਆਪ ਸ਼ਬਦ ਬੋਲਦੇ ਵੀ ਰਹੇ, ਨਾਲ ਹੋਰਨਾਂ ਭਗਤਾਂ ਦੇ ਸ਼ਬਦ ਸਾਂਭਦੇ ਵੀ ਰਹੇ। ਉਨ੍ਹਾਂ ਨੇ *"ਸਬਦੁ ਗੁਰੂ ਸੁਰਤਿ ਧੁਨਿ ਚੇਲਾ"* ਰਾਹੀਂ ਆਪਣੇ ਮਿਸ਼ਨ ਦਾ ਪ੍ਰਸਾਰ ਕੀਤਾ। ਇਸ ਦੇ ਸਿੱਟੇ ਵਜੋਂ ਹੀ ਅੱਗੇ ਆ ਕੇ ਸ਼ਬਦ-ਰੂਪੀ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੀ ਗੁਰੂ ਰੂਪੀ ਵਿਰਾਸਤ ਬਣ ਜਾਂਦਾ ਹੈ। ਗੁਰੂ ਸਾਹਿਬ ਦੀ ਇਲਾਹੀ ਬਾਣੀ ਨੂੰ ਰਾਗ ਵਿਚ ਸੁਣ ਕੇ ਮੁਸਲਮਾਨਾਂ ਉੱਤੇ ਬਹੁਤ ਅਸਰ ਪਿਆ ਸੀ। ਬਗਦਾਦ ਤੋਂ ਗੁਰੂ ਸਾਹਿਬ ਅਫ਼ਗਾਨਿਸਤਾਨ ਵੱਲ ਆ ਗਏ। ਅਫ਼ਗਾਨਿਸਤਾਨ ਵਿਚ ਗੁਰੂ ਸਾਹਿਬ ਕਾਬਲ ਤੋਂ ਹੁੰਦੇ ਹੋਏ ਜਲਾਲਾਬਾਦ ਕੁਝ ਸਮਾਂ ਰੁਕੇ ਸਨ। ਜਲਾਲਾਬਾਦ ਤੋਂ ਦਰਾ ਖੈਬਰ ਰਾਹੀਂ ਹਸਨ ਅਬਦਾਲ ਆਏ। ਇਥੇ ਗੁਰੂ ਸਾਹਿਬ ਦਾ ਵਲੀ ਕੰਧਾਰੀ ਨਾਲ ਮਿਲਾਪ ਹੋਇਆ। ਇਸ ਨੂੰ ਲੋਕ 'ਹਸਨ ਅਬਦਾਲ ਵਾਲਾ ਬਾਬਾ' ਵੀ ਕਹਿੰਦੇ ਸਨ। ਇਸ ਨੂੰ ਆਪਣੀਆਂ ਰਿੱਧੀਆਂ-ਸਿੱਧੀਆਂ ਦਾ ਬਹੁਤ ਗੁਮਾਨ ਸੀ। ਇਸ ਨੇ ਆਪਣੀਆਂ ਰਹੁ-ਰੀਤਾਂ ਦੀ ਪੋਟਲੀ ਦਾ ਪੱਥਰ ਗੁਰੂ ਸਾਹਿਬ ਵੱਲ ਰੇੜ੍ਹਿਆ ਸੀ। ਪਰ ਇਹ ਆਪਣੇ ਯਤਨ ਵਿਚ ਅਸਫ਼ਲ ਸਿੱਧ ਹੋਇਆ ਸੀ। ਇਸ ਵਲੀ ਕੰਧਾਰੀ ਨੇ ਪਿਆਸੇ ਮਰਦਾਨੇ ਨੂੰ ਆਪਣੀ ਮਾਲਕੀ ਵਾਲੇ ਚਸ਼ਮੇ ਵਿਚੋਂ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ। ਪਰ ਗੁਰੂ ਸਾਹਿਬ ਦੀ ਆਪਣੀ ਦ੍ਰਿਸ਼ਟੀ ਤੇ ਸਮਰੱਥਾ ਦਾ ਤੇਜ਼-ਤਪ ਸੀ। ਇਨ੍ਹਾਂ ਦੇ ਸੰਦੇਸ਼ ਮੁਤਾਬਕ ਮਰਦਾਨੇ ਨੇ ਪਹਾੜੀ ਏਰੀਏ ਦੀ ਖ਼ਾਸ ਜਗ੍ਹਾਂ ਤੋਂ ਇਕ ਪੱਥਰ ਪਾਸੇ ਕੀਤਾ ਤਾਂ ਹੇਠੋਂ ਪਾਣੀ ਦਾ ਚਸ਼ਮਾ ਨਿਕਲ ਆਇਆ। ਇਸ ਤੋਂ ਵਲੀ ਕੰਧਾਰੀ ਚਕਾ-ਚੌਂਧ ਹੋ ਗਿਆ। ਉਹ ਗੁਰੂ ਸਾਹਿਬ ਦੀ ਉੱਚੀ ਸਮਰੱਥਾ ਤੇ ਪ੍ਰਭੁੱਤਾ ਦਾ ਮੁਰੀਦ ਬਣ ਗਿਆ। ਫਿਰ ਗੁਰੂ ਸਾਹਿਬ ਹਸਨ ਅਬਦਾਲ ਤੋਂ ਸੈਦਪੁਰ (ਅਹਿਮਨਾਬਾਦ) ਵੱਲ ਆ ਗਏ। ਇਨ੍ਹਾਂ ਦਿਨਾਂ ਵਿਚ ਹੀ ਬਾਬਰ ਕਾਬਲ ਵੱਲੋਂ ਪੰਜਾਬ ਵੱਲ ਲੁੱਟਣ ਲਈ ਆਇਆ ਸੀ। ਬਾਬਰ ਨੇ

ਸੈਦਪੁਰ ਨੂੰ ਖੂਬ ਲੁੱਟਿਆ। ਮੁਗਲ ਫ਼ੌਜ ਦੇ ਰਾਸ਼ਨ ਵਗੈਰਾ ਤਿਆਰ ਕਰਨ ਸਬੰਧੀ ਆਟਾ ਪੀਹਣ ਵਾਲਿਆਂ ਦੀ ਲੋੜ ਸੀ। ਇਸ ਲਈ ਕਈ ਲੋਕਾਂ ਨੂੰ ਕੈਦੀ ਬਣਾ ਲਿਆ ਗਿਆ। ਗੁਰੂ ਸਾਹਿਬ ਨਾਲ ਵੀ ਅਜਿਹਾ ਹੋਇਆ ਸੀ। ਪਰ ਗੁਰੂ ਸਾਹਿਬ ਅਜਿਹੇ ਵਾਕਿਆ ਨੂੰ ਇਕ ਭਾਣੇ ਵਜੋਂ ਹੀ ਲੈਂਦੇ ਹਨ:

*ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥* (ਜਪੁ ਮਹਲਾ ਪਹਿਲਾ, ਅੰਗ ੫)

*ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ॥* (ਮਾਝ ਮਹਲਾ ਪਹਿਲਾ, ਅੰਗ ੧੪੩)

ਬਾਬਰ ਦੇ ਹਮਲੇ ਸਮੇਂ ਗੁਰੂ ਸਾਹਿਬ 'ਏਤੀ ਮਾਰ ਪਈ ਕਰਲਾਣੇ, ਤੈਂ ਕੀ ਦਰਦੁ ਨਾ ਆਇਆ' ਅਤੇ 'ਆਪੈ ਦੋਸੁ ਨਾ ਦੇਈ ਕਰਤਾ, ਜਮ ਕਰਿ ਮੁਗਲੁ ਚੜਾਇਆ ' ਵਰਗੇ ਉਲ੍ਹਾਮੇ ਤੇ ਸਵਾਲੀਆਂ ਰੂਪੀ ਸ਼ਬਦ ਉਚਾਰਦੇ ਹਨ। ਨਾਲ ਹੀ ਗੁਰੂ ਸਾਹਿਬ ਨੇ ਬਾਬਰ ਦੀ ਫੌਜ ਦੇ ਹਮਲੇ ਨੂੰ 'ਪਾਪ ਕੀ ਜੰਞ' ਵਜੋਂ ਪੇਸ਼ ਕੀਤਾ। ਇਹ ਗੁਰੂ ਸਾਹਿਬ ਦੀ ਰਾਜਸੀ ਜ਼ੁਲਮ ਵਿਰੁੱਧ ਭਾਰਤ ਵਿਚ ਪਹਿਲੀ ਮਾਨਵੀ ਕਿਸਮ ਦੀ ਵੱਡੀ ਰਾਸ਼ਟਰੀ ਭਾਵਨਾ ਹੈ। ਬਾਬਰ ਨੂੰ ਜਮ (ਜ਼ਾਲਮ) ਦੇ ਰੂਪ ਵਿਚ ਪੇਸ਼ ਕੀਤਾ। ਸਿੱਖੀ ਨੂੰ ਕੁਰਬਾਨੀ ਵਾਲਾ ਰਾਹ ਮੰਨਿਆ ਹੈ। ਆਪਣੇ ਸਮੇਂ ਤੋਂ ਹੀ ਸਿੱਖੀ ਤਲੀ ਉੱਤੇ ਸਿਰ ਰੱਖ ਕੇ ਤੁਰਨ ਵਾਂਗ ਇਕ ਔਖਾ ਰਾਹ ਹੈ।

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*

(ਸਲੋਕ ਵਾਰਾਂ ਤੇ ਵਧੀਕ, ਮਹਲਾ ਪਹਿਲਾ, ਅੰਗ ੧੪੧੦)

ਇਤਿਹਾਸ ਗਵਾਹ ਹੈ ਕਿ ਬਾਅਦ ਵਿਚ ਹਕੂਮਤਾਂ ਦੇ ਜ਼ਬਰ ਵਿਰੁੱਧ ਸਿੱਖ ਗੁਰੂ ਸਾਹਿਬਾਨ ਤੇ ਸਿੱਖ ਸੂਰਬੀਰ ਵੱਡੀਆਂ ਕੁਰਬਾਨੀਆਂ ਦਿੰਦੇ ਆ ਰਹੇ ਹਨ। ਗੁਰੂ ਨਾਨਕ ਦੇ ਨਾਮਲੇਵਾ ਸਿੱਖ ਸਮੇਂ ਦੀ ਲੋੜ ਅਨੁਸਾਰ ਫਿਰ ਅੱਗੇ ਆ ਕੇ ਰਣ-ਮੈਦਾਨ ਵਿਚ ਤਲਵਾਰ ਨਾਲ ਜੂਝਣ ਲੱਗਦੇ ਹਨ। ਰਬਾਬੀ ਸਾਜ ਦੇ ਨਾਲ-ਨਾਲ ਤਲਵਾਰ ਦੀ ਟੁਣਕਾਰ ਵੀ ਖੜਕਣ ਲੱਗਦੀ ਹੈ। ਇਸ ਸੁਮੇਲ ਦੇ ਸਿੱਟੇ ਵਜੋਂ ਹੀ ਸਿੱਖ ਪਹਿਚਾਣ ਰਾਜ-ਦਰਬਾਰ ਤੱਕ ਪਹੁੰਚਦੀ ਹੈ।

ਗੁਰੂ ਸਾਹਿਬ 1521 ਵਿਚ ਮੁੜ ਆਪਣੇ ਵਸਾਏ ਹੋਏ ਨਗਰ ਕਰਤਾਰਪੁਰ ਵਿਖੇ ਆ ਗਏ। ਕੁਝ ਵਿਦਵਾਨ ਇਨ੍ਹਾਂ ਯਾਤਰਾਵਾਂ ਨੂੰ ਚਾਰ ਦਿਸ਼ਾਵਾਂ ਦੇ ਰੂਪ ਵਿਚ ਵੰਡਦੇ ਹਨ। ਗੁਰੂ ਸਾਹਿਬ ਆਪਣੇ ਕਰਤਾਰਪੁਰ ਦੇ ਨਿਵਾਸ ਸਮੇਂ ਕਈ ਨੇੜਲੇ ਸਥਾਨਾਂ ਉੱਤੇ ਜਾਂਦੇ ਰਹਿੰਦੇ ਸਨ। ਇਥੋਂ ਗੁਰੂ ਜੀ ਸ਼ਾਹ ਬਹਿਲੋਲ ਨੂੰ ਮਿਲਣ ਲਈ ਬੀਕਾਨੇਰ ਤੋਂ ਹੁੰਦੇ ਹੋਏ ਮੁਲਤਾਨ ਵੀ ਗਏ। ਕਰਤਾਰਪੁਰ ਸਾਹਿਬ ਵਿਖੇ ਹੀ ਭਾਈ ਲਹਿਣਾ ਜੀ ਗੁਰੂ ਸਾਹਿਬ ਦੇ ਦਰਸ਼ਨਾ ਲਈ ਆਏ। ਭਾਈ ਲਹਿਣਾ ਜੀ ਹੀ ਬਾਅਦ ਵਿਚ ਅੰਗਦ ਦੇਵ ਜੀ (ਸਰੀਰ ਦੇ ਅੰਗ) ਵਜੋਂ ਸਾਡੇ ਦੂਸਰੇ ਗੁਰੂ ਸਥਾਪਤ ਹੋਏ। ਇੰਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ 14 ਜੂਨ 1539 ਨੂੰ ਗੁਰਿਆਈ ਬਖ਼ਸ਼ਿਸ਼ ਕੀਤੀ। ਉਨ੍ਹਾਂ ਨੇ ਅਜਿਹੀ ਚੋਣ ਸਮੇਂ ਆਪਣੀ ਸੰਤਾਨ ਜਾਂ ਪੁੱਤਰਾਂ ਨੂੰ ਨਾਕਾਰ ਦਿੱਤਾ ਸੀ। ਨਾਲ ਹੀ ਗੁਰੂ ਸਾਹਿਬ ਨੇ ਆਪਣੀ ਅਤੇ ਹੋਰ ਭਗਤਾਂ ਦੀ ਇਕੱਤਰ ਕੀਤੀ ਬਾਣੀ ਦਾ ਬਸਤਾ ਭਾਈ ਲਹਿਣਾ ਜੀ ਦੇ ਹਵਾਲੇ ਕਰ ਦਿੱਤਾ। ਗੁਰੂ ਸਾਹਿਬ (ਮਰਦਾਨੇ ਸਮੇਤ) ਕੁੱਲ ਬਾਰ੍ਹਾਂ ਸਾਲ ਯਾਤਰਾਵਾਂ ਉੱਤੇ ਰਹੇ। ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਪਹਿਲਾਂ 'ਬਾਬਾ' ਦਾ ਸੰਬੋਧਨ ਮਰਦਾਨੇ ਨੇ ਹੀ ਕੀਤਾ ਸੀ। 'ਬਾਬਾ' ਸ਼ਬਦ ਮਹਾਂਪੁਰਖੀ ਵੱਡਪਣ, ਪੁਖਤਗੀ ਤੇ ਸਿਆਣਪ ਦਾ ਲਖ਼ਾਇਕ ਹੈ। ਮਰਦਾਨੇ ਲਈ ਵੀ ਸਭ ਤੋਂ ਪਹਿਲਾਂ 'ਭਾਈ' ਸ਼ਬਦ ਗੁਰੂ ਸਾਹਿਬ ਨੇ ਹੀ ਵਰਤਿਆ ਸੀ। ਇਹ ਸ਼ਬਦ ਨਿਮਨ ਸੁਰ ਵਿਚ ਕਿਸੇ ਦੀ ਹਲੀਮੀ, ਸਹਿਜਤਾ ਅਤੇ ਆਤਮਿਕ ਉੱਚਤਾ ਦਾ ਪ੍ਰਤੀਨਿਧ ਰੂਪ ਹੈ। ਭਾਈ ਮਰਦਾਨਾ ਸਫ਼ਰਾਂ ਦੀ ਆਖ਼ਰੀ ਉਦਾਸੀ ਦੌਰਾਨ ਹੀ 1534 ਵਿਚ ਖੁਰਮ ਦਰਿਆ ਦੇ ਨੇੜੇ ਅਕਾਲ-ਚਲਾਣਾ ਕਰ ਗਿਆ। ਫਿਰ ਗੁਰੂ ਸਾਹਿਬ ਵਾਪਿਸ ਆ ਗਏ। ਇਨ੍ਹਾਂ ਉਦਾਸੀਆਂ ਦੇ ਵਿਸ਼ੇ 'ਤੇ ਵੇਰਵੇ ਆਪਣੇ ਸਮਿਆਂ ਦੇ ਸਮਾਜ-ਇਤਿਹਾਸ ਦੀ ਪਰਤੋਂ ਹਨ। ਇਹ ਲਿਖਤਾਂ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਸਬੰਧੀ ਪ੍ਰਚਾਰ ਤੇ ਪਾਸਾਰ ਦੇ ਮਾਧਿਅਮ ਵਜੋਂ ਹਨ। ਇਨ੍ਹਾਂ ਰਾਹੀਂ ਗੁਰੂ ਸਾਹਿਬ ਦੀ ਸ਼ਖਸੀਅਤ ਇਕ ਵੱਡੇ ਦਾਰਸ਼ਨਿਕ ਦੇ ਨਾਲ-ਨਾਲ ਰੂਹਾਨੀ ਪੱਖ ਤੋਂ ਵੀ ਆਪਣੇ ਸਮੇਂ ਦੇ ਵੱਡੇ ਮਹਾਂ-ਪੁਰਖ ਵਜੋਂ ਉੱਭਰਦੀ ਹੈ। ਇਨ੍ਹਾਂ ਉਦਾਸੀਆਂ ਦੌਰਾਨ ਉਪਜੀਆਂ ਸਾਖੀਆਂ/ਜਨਮ-ਸਾਖੀਆਂ ਦੀ ਲਖਸ਼ਣਾਂ ਰੂਪੀ ਵਿਉਂਤ ਵਿਚੋਂ ਕਈ ਡੂੰਘੇ 'ਤੇ ਮਹੱਤਵਪੂਰਨ ਅਰਥ ਉੱਭਰਦੇ ਹਨ। ਅਜਿਹੀਆਂ ਵਿਸ਼ੇਸ਼ ਸਿਰਜਣਾਤਮਿਕ ਤੇ ਰਚਨਾਤਮਿਕ ਲਿਖਤਾਂ ਵਿਚ ਦਰਜ ਅਰਥ ਕੋਈ ਤਰਦਾ ਰੂਪ ਨਹੀਂ ਹੁੰਦੇ ਹਨ, ਸਗੋਂ ਇਹ ਆਪਣੇ ਮਸਤਕ ਦੀ ਉਚੇਚ ਨਾਲ ਖੋਜਣੇ ਪੈਂਦੇ ਹਨ। ਇਨ੍ਹਾਂ ਉਦਾਸੀਆਂ ਦੀਆਂ ਲਿਖਤਾਂ ਨਾਲ ਸਿੱਖ ਫ਼ਲਸਫ਼ੇ ਦਾ ਮੁੱਢ ਬੱਝਦਾ ਹੈ। ਲੋਕਾਂ ਨੂੰ ਬਦਲ ਵਜੋਂ ਨਵਾਂ ਸਰਲ ਤੇ ਵਿਹਾਰਕ ਕਿਸਮ ਦਾ ਧਾਰਮਿਕ ਰਾਹ ਮਿਲਦਾ ਹੈ। ਇਹ ਸਾਰੀ ਜਾਗ ਤੇ ਜਾਗ੍ਰਤੀ ਗੁਰੂ ਨਾਨਕ ਦੇਵ ਜੀ ਦੀਆਂ ਕੋਸ਼ਿਸ਼ਾਂ ਨਾਲ ਆਉਂਦੀ ਹੀ ਹੈ। ਮੁਹੰਮਦ ਇਕਬਾਲ ਨੇ ਤਾਂ ਹੀ ਗੁਰੂ ਸਾਹਿਬ ਬਾਰੇ ਕਿਹਾ ਹੈ:

*ਫਿਰ ਉੱਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ,*


www.sanvad.org
ISSN : 2395-1273

*ਹਿੰਦ ਕੋ ਇਕ ਮਰਦ ਏ ਕਾਮਲ ਨੇ ਜਗਾਇਆ ਖ਼ਾਬ ਸੇ।*

ਅਜੇਹਾ ਹੀ ਰਲਦਾ-ਮਿਲਦਾ ਕਥਨ ਸਾਡੇ ਰਾਸ਼ਟਰੀ ਕਵੀ ਰਾਬਿੰਦਰ ਨਾਥ ਟੈਗੋਰ ਦਾ ਹੈ:

*ਸਿੱਖ ਜਾਗ ਉਠੇ ਸਨ, ਗੁਰ ਦੇ ਸ਼ਬਦ ਰਾਹੀਂ*

ਸਾਡਾ ਆਧੁਨਿਕ ਕਵੀ ਪ੍ਰੋ. ਪੂਰਨ ਸਿੰਘ ਵੀ ਇਹ ਮੰਨਦਾ ਹੈ:

*ਪੰਜਾਬ ਨਾ ਹਿੰਦੂ ਨਾ ਮੁਸਲਮਾਨ*
*ਪੰਜਾਬ ਜਿਉਂਦਾ ਗੁਰੂ ਦੇ ਨਾਮ 'ਤੇ।*

ਗੁਰੂ ਸਾਹਿਬ ਆਪਣੀ ਉਮਰ ਦੇ ਪਹਿਲੇ ਪੈਂਤੀ ਸਾਲ ਤਲਵੰਡੀ ਹੀ ਰਹੇ। ਇਸ ਉਮਰ ਤੱਕ ਉਹ ਦੁਕਾਨ, ਵਪਾਰ ਤੇ ਨੌਕਰੀ ਵਗੈਰਾ ਦੇ ਵੱਖ-ਵੱਖ ਕਿੱਤਿਆਂ ਨਾਲ ਜੁੜੇ ਰਹੇ। ਫਿਰ ਗੁਰੂ ਸਾਹਿਬ ਹਿੰਦੂ, ਮੁਸਲਮਾਨਾਂ ਦੀ ਸਾਂਝੀ ਵਸੋਂ ਵਾਲੇ ਇਲਾਕੇ ਕਰਤਾਰਪੁਰ ਵਿਚ ਟਿਕ ਕੇ ਪੂਰੀ ਤਰ੍ਹਾਂ ਆਪਣੇ ਅਸਲੀ ਮਿਸ਼ਨ ਵਿਚ ਜੁੱਟ ਗਏ। ਇਹ ਸਥਾਨ ਤਬਦੀਲੀ ਪੂਰੀ ਤਰ੍ਹਾਂ ਦੁਨਿਆਂਦਾਰੀ ਦੇ ਨਾਲ-ਨਾਲ 'ਰੂਹਾਨੀਅਤ' ਦੇ ਰਾਹ ਪੈ ਜਾਣ ਦਾ ਪ੍ਰਮਾਣ ਹੈ। ਗੁਰੂ ਸਾਹਿਬ ਨੇ ਆਪਣੇ ਨਵੇਂ ਮਿਸ਼ਨ ਲਈ ਨਵਾਂ ਅਸਥਾਨ (ਕਰਤਾਰਪੁਰ) ਵਸਾਇਆ ਸੀ। ਇਥੇ ਗੁਰੂ ਸਾਹਿਬ ਨੇ (1521 ਤੋਂ 1539 ਤੱਕ) ਅਠਾਰਾਂ ਸਾਲ ਬਿਤਾਏ ਸਨ। ਆਪ ਨੇ ਖੇਤੀ ਕੀਤੀ। ਇਥੇ ਹੀ ਗੁਰੂ ਸਾਹਿਬ ਦੀ ਕੀਰਤਨ-ਦਰਬਾਰ ਅਤੇ ਲੋਹ-ਲੰਗਰ ਦੀ ਪ੍ਰਥਾ ਰੋਜ਼ਾਨਾ ਦਾ ਵਿਹਾਰਕ ਵਰਤਾਰਾ ਬਣ ਗਈ। ਗੁਰੂ ਸਾਹਿਬ ਨੇ ਹੱਥ ਕਾਰ (ਕਿਰਤ) ਵੱਲ ਅਤੇ ਧਿਆਨ ਨਿਰੰਕਾਰ ਭਾਵ ਕਰਤਾਰ ਵੱਲ ਦਾ ਨਵਾਂ ਅਮਲ ਸ਼ੁਰੂ ਕੀਤਾ। ਇਥੇ ਹੀ ਇਕੋ ਥਾਂ ਬੈਠ ਕੇ ਸੰਗਤੀ ਤੇ ਪੰਗਤੀ ਰੂਪ ਵਿਚ ਲੰਗਰ ਛਕਣ ਦੀ ਸਾਂਝ ਤੇ ਸਮਾਨਤਾ ਵਾਲੀ ਸਮਾਜਕ ਭਾਵਨਾ ਬਲ ਫੜ੍ਹਦੀ ਹੈ। ਅਜਿਹਾ ਅਮਲ ਸਿੱਖ ਫ਼ਲਸਫ਼ੇ ਜਾਂ ਸਿੱਖੀ ਦੀ ਬੁਨਿਆਦ ਬਣ ਗਿਆ। ਇਹ ਸਾਰਾ ਵਰਤਾਰਾ ਕੁਦਰਤ ਦੀ ਖੁੱਲ੍ਹੀ ਗੋਦ ਵਿਚ ਚਲਦਾ ਰਿਹਾ। ਗੁਰੂ ਸਾਹਿਬ ਕੁਦਰਤ ਦੇ ਅਨੰਤ ਵਰਤਾਰੇ ਵਿਚ ਵੱਡਾ ਵਿਸ਼ਵਾਸ ਪ੍ਰਗਟਾਉਂਦੇ ਹਨ:

*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥*
*ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥* (ਜਪੁ ਮਹਲਾ ਪਹਿਲਾ, ਅੰਗ ੭)

ਉਹ ਕੁਦਰਤ ਦੇ ਵਿਭਿੰਨ ਰੂਪਾਂ ਦੇ ਅਨੰਤ ਵਰਤਾਰੇ ਨੂੰ ਪੇਸ਼ ਕਰਦੇ ਹਨ। ਗੁਰੂ ਸਾਹਿਬ ਕੁਦਰਤ ਦੇ ਬਹੁਤ ਵੱਡੇ ਪੈਰੋਕਾਰ ਸਨ। ਗੁਰਮਤਿ ਵਿਚ ਕੁਦਰਤ ਦੇ ਬ੍ਰਹਿਮੰਡ ਮੁਤਾਬਕ ਹੀ ਬੰਦੇ ਦਾ ਜੀਵਨ ਹੈ:

*ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥*
*ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨ॥*
*ਕੁਦਰਤਿ ਪਉਣ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥*
*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥* (ਆਸਾ ਮਹਲਾ ੧, ਅੰਗ ੪੬੪)

ਇਸ ਕਰਕੇ 'ਬਲਹਿਾਰੀ ਕੁਦਰਤ ਵਸਿਆ' ਦਾ ਗੁਣਗਾਣ ਹੈ। ਪ੍ਰਕਿਰਤੀ ਦੇ ਫੁੱਲ-ਬੂਟਿਆਂ ਨੂੰ ਆਪਣੇ ਕਾਦਰ ਦੇ ਸੁਹੱਪਣ ਦੀਆਂ ਜੜ੍ਹਾਂ ਦਾ ਸੁਹਜ-ਸੁਨੇਹਾ ਸਾਮਾਨ ਹੈ। ਕੁਦਰਤ ਦੇ ਰੂਪਾਂ ਨੂੰ ਵਿਸ਼ੇਸ਼ ਕਰਕੇ ਪਾਣੀ ਨੂੰ ਮਨੁੱਖ ਦੇ ਪ੍ਰਾਣਧਾਰੀ ਆਧਾਰ ਵਜੋਂ ਮੰਨਿਆ ਗਿਆ ਹੈ:

*ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥* (ਆਸਾ ਮਹਲਾ ਪਹਿਲਾ, ਅੰਗ ੪੭੨)

ਗੁਰੂ ਨਾਨਕ ਦਾ ਫਲਸਫ਼ਾ ਕੇਵਲ ਮਨੁੱਖ ਜਾਤੀ ਤੱਕ ਸੀਮਤ ਨਹੀਂ ਹੈ। ਇਹ ਸਾਰੇ ਬ੍ਰਹਿਮੰਡ ਲਈ ਹੈ:

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥* (ਸਲੋਕ ਮਹਲਾ ਪਹਿਲਾ, ਅੰਗ ੮)

ਗੁਰੂ ਸਾਹਿਬ ਸਦਾ ਜੀਵੰਤ ਤੇ ਕ੍ਰਿਆਸ਼ੀਲ ਰਹਿਣ ਵਾਲੀ ਸਚਾਈ ਦੇ ਪੈਰੋਕਾਰ ਹਨ:-

*ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥* (ਆਸਾ ਮਹਲਾ ਪਹਿਲਾ, ਅੰਗ ੪੬੩)

ਗੁਰੂ ਸਾਹਿਬ ਕੁਦਰਤ ਦੇ ਅਨੰਤ ਵਰਤਾਰੇ ਨੂੰ ਸਿਫਤ-ਸਲਾਹ ਅਤੇ ਮਹਿਮਾ ਦਾ ਜਸ-ਗਾਇਨ ਵੀ ਕਰਦੇ ਹਨ :-

*ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥*

(ਸਲੋਕ ਮਹਲਾ ਪਹਿਲਾ, ਅੰਗ ੪੬੯)

ਗੁਰੂ ਸਾਹਿਬ ਦੀਆਂ ਉਦਾਸੀਆਂ ਦੌਰਾਨ ਹੋਈ ਸਮੁੱਚੀ ਸੰਵਾਦ-ਚਰਚਾ ਅਤੇ ਕਰਤਾਰਪੁਰ ਦੇ ਵਸੇਬੇ ਵਿਚੋਂ ਗੁਰਮਤਿ ਦਰਸ਼ਨ ਉਪਜਦਾ ਤੇ ਬਲ ਫੜ੍ਹਦਾ ਹੈ। ਅਜਿਹੀ ਮਾਨਵੀ ਕਿਸਮ ਦੀ ਸੱਚੀ-ਸੁੱਚੀ ਵਿਹਾਰਕ ਜੀਵਨ-ਜਾਚ ਦੀਆਂ ਗੁਰਮਤਿ ਰੂਪੀ ਕੁੰਜੀਆਂ ਸਾਡੇ ਸਾਹਮਣੇ ਹਨ, ਪਰ ਅਸੀਂ ਇਸ ਵੱਲ ਪਿੱਠ ਕਰੀ ਬੈਠੇ ਹਾਂ।

ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਵਿਖੇ ਮਨੁੱਖ ਲਈ ਦੁਵੱਲੇ ਪੱਖਾਂ ਤੋਂ ਮਨ ਤੇ ਤਨ ਦੇ ਲੰਗਰ ਦੀ ਪ੍ਰਥਾ ਆਰੰਭ ਕੀਤੀ। ਮਨ ਤੋਂ ਭਾਵ ਬੰਦੇ ਦੀ ਮਾਨਸਿਕਤਾ ਜਾਂ ਸੋਚਣ/ਨਿਹਾਰਨ ਦੀ ਸ਼ਕਤੀ ਹੈ। ਇਸ ਸੰਬੰਧੀ ਨਵੀਂ ਤੇ ਉਚੇਰੀ ਜੀਵਨ-ਜਾਂਚ ਦੇ ਰੂਪ ਵਿਚ ਸਿੱਖ ਫ਼ਲਸਫ਼ੇ ਸੰਬੰਧੀ ਕੁੰਜੀ ਰੂਪੀ ਗੁਰਬਾਣੀ-ਕੀਰਤਨ ਦਾ ਨਿਤ-ਨੇਮ ਆਰੰਭ ਹੁੰਦਾ ਹੈ। ਨਾਲ ਤਨ ਜਾਂ ਸਰੀਰ ਦੇ ਜਿਊਂਦੇ ਤੇ ਸਿਹਤਮੰਦ ਰਹਿਣ ਲਈ ਸਾਂਝੇ ਲੰਗਰ ਦੀ ਪ੍ਰਥਾ ਸ਼ੁਰੂ ਹੁੰਦੀ ਹੈ। ਅੱਜ ਅਸੀਂ ਅਜੇਹੇ ਦੁਵੱਲੇ ਵਿਹਾਰ ਦੀ ਥਾਂ ਕੇਵਲ ਤਨ ਦੇ ਸੁਆਦੀ ਲੰਗਰਾਂ ਤਕ ਸਿਮਟ ਗਏ ਹਾਂ। ਇਸ ਇਕਹਰੇ ਵਿਹਾਰ ਵਿਚੋਂ ਹੀ ਸਾਡੀਆਂ ਵਿਅਕਤੀਗਤ ਤੇ ਬਤੌਰ ਕੌਮ ਕਈ ਸੀਮਾਵਾਂ ਤੇ ਸਮੱਸਿਆਵਾਂ ਉੱਪਜਦੀਆਂ ਹਨ। ਸਾਡਾ ਰਾਸ਼ਟਰੀ ਹੀ ਨਹੀਂ, ਅੰਤਰਰਾਸ਼ਟਰੀ ਪ੍ਰਸਿੱਧੀ ਦਾ ਕਹਾਣੀਕਾਰ ਲੇਖਕ ਵਰਿਆਮ ਸਿੰਘ ਸੰਧੂ ਮਿਹਣੇ ਰੂਪੀ ਇਹ ਗੰਭੀਰ ਨੁਕਤਾ ਉਭਾਰਦਾ ਹੈ ਕਿ 'ਅਸੀਂ ਗੁਰੂ ਸਾਹਿਬ ਦੇ ਗਿਰੀ ਰੂਪੀ ਅਸਲ ਸੁਨੇਹੇ ਨੂੰ ਤਾਂ ਭੁੱਲੀ ਬੈਠੇ ਹਾਂ, ਪਰ ਬਾਹਰਲੇ ਛਿਲਕਿਆਂ ਨੂੰ ਚੁੱਕੀ ਫਿਰਦੇ ਹਾਂ।' ਸਾਡਾ ਬਹੁਤਿਆਂ ਦਾ ਵਿਹਾਰ ਗੁਰੂ-ਮਤਿ ਮੁਤਾਬਕ 'ਸੱਚ ਕੀ ਬੇਲਾ ਦੇ ਸੱਚੇ ਆਚਾਰ-ਵਿਹਾਰ' ਵਾਲਾ ਨਹੀਂ ਹੈ। ਗੁਰੂ ਸਾਹਿਬ ਦੇ ਸਭ ਸੁਖ਼ਨ-ਸੁਨੇਹੇ ਸਾਡੀ ਸਗਲ ਲੋਕਾਈ ਦੇ ਕਣ-ਕਣ ਲਈ ਹਨ। ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਤੇ ਸਿੱਧਾਂਤਕਾਰ ਹਨ। ਗੁਰੂ ਸਾਹਿਬ ਦਾ ਫ਼ਲਸਫ਼ਾ ਸਮੂਹ ਮਨੁੱਖਤਾ ਲੋਕਾਈ ਲਈ ਵੀ ਹੈ ਤੇ ਸਮੁੱਚੇ ਬ੍ਰਹਮ ਸਬੰਧੀ ਵੀ। ਇਥੇ ਬ੍ਰਹਮ ਤੋਂ ਭਾਵ ਸਮੂਹ ਜੀਵ-ਜੰਤੂਆਂ ਤੇ ਕੁਦਰਤੀ ਵਰਤਾਰੇ ਤੋਂ ਹੈ। ਗੁਰੂ ਨਾਨਕ ਦੇਵ ਜੀ ਦਾ ਉਮਰਾਂ ਦਾ ਸਫ਼ਰ ਭਾਵੇਂ 1469 ਤੋਂ 1539 ਤੱਕ ਦਾ ਹੈ ਪਰ ਉਹ ਆਪਣੇ ਜੋਤ-ਸਰੂਪ ਸਿੱਖ ਫ਼ਲਸਫ਼ੇ ਦੇ ਸਿੱਟੇ ਵਜੋਂ ਸਾਡੇ ਲਈ ਅਕਾਲ ਰੂਪੀ ਸ਼ਬਦ ਵਰਤਾਰੇ ਵਜੋਂ ਸਦਾ ਲਈ ਸੁਭਾਇਮਾਨ ਹਨ। ਅੱਜ ਵੱਡੀ ਲੋੜ ਗੁਰੂ ਦੇ ਦੱਸੇ ਰਾਹ ਦੇ ਸੱਚੇ ਪਾਂਧੀ ਬਣਨ ਦੀ ਹੈ। ਇਸੇ ਰਾਹ ਵਿਚੋਂ ਹੀ ਸਿੱਖ ਤੇ ਸਿੱਖੀ ਦੇ ਵੱਡਪਣ ਅਤੇ ਸਤਿਕਾਰ ਦੀ ਪਹਿਚਾਣ ਬਣਨੀ ਹੈ। ਅਜੇਹੀ ਪਹਿਚਾਣ ਦੇ ਵੱਡੀ ਹੋਣ ਵਿਚੋਂ ਹੀ ਸਮੁੱਚੀ ਕਾਇਨਾਤ ਵਿਚ ਸੁੱਖ-ਸ਼ਾਂਤੀ, ਸੰਤੁਸ਼ਟੀ ਤੇ ਸਰਬਤ ਦੇ ਭਲੇ ਦਾ ਵਰਦਾਨ ਉਪਜਣਾ ਹੈ। ਇਸ ਕਰਕੇ ਅਜੋਕੇ ਸਮਿਆਂ ਵਿਚ ਸਾਡੇ ਲਈ ਸਗਲ ਬਨਸਪਤੀ ਅਤੇ ਪ੍ਰਾਣਧਾਰੀ ਆਧਾਰ ਵਾਲੇ ਸਮੂਹ ਜੀਵਾਂ ਦੇ ਹਿੱਤ ਵਿਚ ਉਪਜੀ ਸੁਰਤ ਤੇ ਸੁਰਤੀ ਹੀ ਅਸਲ ਅਰਥਾਂ ਵਿਚ ਗੁਰੂ ਸਾਹਿਬ ਨੂੰ ਸੱਚੀ ਸ਼ਰਧਾ ਤੇ ਸ਼ਰਧਾਂਜਲੀ ਹੋਵੇਗੀ।

✧


**www.sanvad.org**
ISSN : 2395-1273